ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

## ਗੁਰਦੁਆਰਾ ਸਾਹਿਬ ਨਾਨਕ ਝੀਰਾ

( ਬਿਦਰ, ਮੈਸੂਰ ਸਟੇਟ )

OCTOBER 1968



ਅ ● ਕ ● ਤੂ ● ਬ ● ਰ ੧੯

ਇਹ ਗੁਰਦੁਆਰਾ ਸਾਹਿਬ ਸਿਖ ਜਗਤ ਵਿਚ ਗੁਰਦੁਆਰਾ ਪੰਜਾ ਸਾਹਿਬ ਵਾਂਗ ਮਹਾਨਤਾ ਰਖਦਾ ਹੈ।

www.AKJ.Org

# {} ਲੇਖ-ਸੂਚੀ {}


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਗੁਰੂ ਮਾਨਿਓ ਗ੍ਰੰਥ | ੪. | ਸੰਪਾਦਕ |
| ੨. | ਐਡੀਟਰ ਦੀ ਡਾਕ | ੫. | " |
| ੩. | ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ | ੭. | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. | ਅੰਮ੍ਰਿਤ ਵੇਲਾ | ੧੧. | ਡਾਕਟਰ ਤੇਜਇੰਦਰ ਸਿੰਘ ਜੀ ਭੁਪਾਲ |
| ੫. | ਸਤਿਗੁਰੂ ਸਦਾ ਨਿਰਵੈਰ ਹੈ | ੧੫. | ਭਾਈ ਗੁਰਚਰਨ ਸਿੰਘ ਜੀ M.A. ਜਲੰਧਰ |
| ੬. | ਭਟਕਣਾ | ੧੮. | ਭਾਈ ਕਰਤਾਰ ਸਿੰਘ ਰਾਹੀ ਲਖਨਊ |
| ੭. | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੨੦. | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੮. | ਧਰਮ | ੨੧. | ਭਾਈ ਅਜੀਤ ਸਿੰਘ ਜੀ ਕੋਟਾ |
| ੯. | ਵਾਹਿਗੁਰੂ ਗੁਰਮੰਤ੍ਰ ਹੈ | ੨੩ | ਡਾ: ਦੇਵਿੰਦਰ ਸਿੰਘ ਜੀ ਲਸ਼ਕਰ |
| ੦. | ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ ॥ | ੨੮. | ਪ੍ਰੋ: ਬੀਬੀ ਕੁਲਦੀਪ ਕੌਰ ਜੀ M.A. ਪਟਿਆਲਾ |
| ੧. | ਤਖਤ ਦਮਦਮਾ ਸਾਹਿਬ ਦਾ ਸਮਾਗਮ | ੩੨. | ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ੍ਹ |
| ੨. | ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ | ੩੪. | ਬੀਬੀ ਪ੍ਰੇਮ ਕੌਰ M.A.BEd ਫੈਜ਼ਾਬਾਦ |
| ੧੩. | ਗੁਰਮਤਿ ਦੇ ਝਰੋਖ ਤੋਂ ? | ੩੬. | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੪. | ਸ਼ਹੀਦੀ ਯਾਦਾਂ | ੩੭. | ਭਾਈ ਮਨਮੋਹਨ ਸਿੰਘ ਜੀ ਬੁਤਾਲਾ |


**ਜ਼ਰੂਰੀ ਬੇਨਤੀ** :— 'ਸੂਰਾ' ਦ ਸੁਹਿਰਦ ਲੇਖਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ ਅਸੀਂ ਜੋ ਕਵਿਤਾ ਦਾ ਕਾਲਮ ਪਾਠਕਾਂ ਦੀ ਦਿਲਚਸਪੀ ਲਈ ਸ਼ੁਰੂ ਕੀਤਾ ਸੀ, ਉਹ ਕੁਝ ਸਮੇਂ ਲਈ ਬੰਦ ਕਰ ਦਿੱਤਾ ਹੈ, ਕਿਉਂਕਿ ਕਵਿਤਾ ਬਾਰੇ ਸੰਗਤਾਂ ਨੇ ਕੋਈ ਉਤਸ਼ਾਹ ਨਹੀਂ ਬਖ਼ਸ਼ਿਆ, ਉਤਸ਼ਾਹ ਬਖ਼ਸ਼ਣ ਤੇ ਫਿਰ ਸ਼ੁਰੂ ਕਰ ਦਿਤਾ ਜਾਵੇਗਾ ।

ਦਾਸ — ਮੈਨੇਜਰ, "ਸੂਰਾ" ਪਟਿਆਲਾ ।

## + 'ਸੂਰਾ' ਦਾ ਸਾਲਾਨਾ ਚੰਦਾ +

ਦੇਸ ੬) ਰੁਪਏ — ਪ੍ਰਦੇਸ ੧੦) ਰੁਪਏ

ਲਾਈਫ ਮੈਂਬਰ— ੧੫੦) ਰੁਪਏ — ਇਕ ਕਾਪੀ ੬੦ ਪੈਸੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ।




# ਸੂਰਾ ਪਟਿਆਲਾ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੩ ਅਸੂ—ਕਤਕ ੪੯੯ ਨਾਨਕ ਸ਼ਾਹੀ ਅੰਕ ਨੰ: ੯


ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ, ਤਤਿ ਜਲਾਇਆ ॥
ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ, ਗੁਣਿ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥


ਆਨਰੇਰੀ ਐਡੀਟਰ :
ਮਨੋਹਰ ਸਿੰਘ

ਅਕਤੂਬਰ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਅਕਤੂਬਰ ੧੯੬੮ ਨੂੰ ਪ੍ਰਕਾਸ਼ਤ ਕੀਤਾ ।



www.AKJ.Org

# ਸੰਪਾਦਕੀ

# ਗੁਰੂ ਮਾਨਿਓ ਗ੍ਰੰਥ

ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਆਪਣਾ ਪੰਥ ਚਲਾਨਾ ਨਹੀਂ ਸੀ।

ਜੋ ਜੋ ਤਿਨਕ ਭਇਓ ਸਿਆਣਾ,
ਤਿਨ ਤਿਨ ਆਪਣਾ ਪੰਥ ਚਲਾਨਾ॥ [ਪਾ: ੧੦

ਖਾਲਸਾ ਪੰਥ ਤੇ ਨਹੀਂ ਢੁਕਦਾ ਕਿਉਂ ਜੋ ਖਾਲਸਾ ਪੰਥ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਗਿਆ।

ਦਸੋ ਗੁਰੂ ਸਾਹਿਬਾਨ ਤੇ ਹੁਣ ਜੁਗੋ ਜੁਗੋ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਿਸ਼ਨ (ਜਿਨਾਂ ਦਾ ਤਾਜ ਪੋਸ਼ੀ ਪੁਰਬ ਮਿਤੀ 23 ਅਕਤੂਬਰ ਨੂੰ ਹੈ) ਇਸ ਗਲ ਵਿਚ ਦਾਵਾ ਕਰਨ ਵਿਚ ਨਹੀਂ ਰਿਹਾ ਕਿ ਅਸੀ ਰਬ ਦੇ ਪੁਤਰ ਹਾਂ ਰਬ ਦੇ ਯਾਰ ਹਾਂ ਇਸ ਲਈ ਜੋ ਅਸੀਂ ਕਹਿੰਦੇ ਹਾਂ ਉਹ ਠੀਕ ਹੈ ਸਾਡੇ ਪਿਛੇ ਲਗੋ ਤੇ ਅਸੀਂ ਰਬ ਤੋਂ ਤੁਹਾਨੂੰ ਮੂੰਹ ਮੰਗੀਆਂ ਮੁਰਾਦਾਂ ਦੇਵਾਂਗੇ।

ਦਸੋ ਗੁਰੂ ਜਾਮਿਆਂ ਵਿਚ ਅਕਾਲ ਪੁਰਖ ਦੀ ਹੀ ਪੂਜਾ ਹੋਈ ਅਤੇ ਉਹ ਸਦਾ ਵਾਹਿਗੁਰੂ ਜੀ ਦੇ ਪ੍ਰਾਇਣ ਬਣੇ ਰਹੇ। ਕਦੀ ਆਪਣੇ ਆਪ ਨੂੰ ਨਹੀਂ ਜਣਾਇਆ ਆਪ ਨਾਮ ਜਪਿਆ ਤੇ ਗੁਰ ਸਿਖਾਂ ਨੂੰ ਨਾਮ ਨਾਲ ਜੋੜਿਆ।

ਧੁਰ ਆਈ ਬਾਣੀ ਦੇ ਜੁਗੋ ਜੁਗੋ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਪਦਵੀ ਤੇ ਬਿਰਾਜਮਾਨ ਨੇ ਸਦਾ ਲਈ ਇਸ ਵਿਸ਼ੇ ਨੂੰ ਖਤਮ ਹੀ ਕਰ ਦਿਤਾ ਜੋ ਆਤਮ ਖੋਜ ਅੰਦਰ ਮਨੁਖ ਦਾ ਮਨੁਖ ਪਿਛੇ ਲਗਣ ਵਿਚ ਹੈ। ਅਜ ਵੀ ਬਹੁਤ ਸ਼ਰਧਾਵਾਨ ਜਨਤਾ ਜਿਨਾਂ ਨੂੰ ਦੇਹ ਧਾਰੀ ਗੁਰੂ ਦੇ ਬਚਨ ਕਮਾਉਣ ਦਾ ਭੁਸ ਪਿਆ ਹੋਇਆ ਹੈ ਇਸ ਸ਼ੰਕੇ ਤੋਂ ਖਾਲੀ ਨਹੀਂ ਕਿ ਕੀ ਇਹ ਪਾਰ ਲੰਘਾ ਦਿਉ? ਦਾਸ ਨੂੰ ਇਕ ਵਾਰਤਾ ਯਾਦ ਆ ਗਈ ਕਿ ਇਕ ਸਜਣ ਰੋਜ਼ ਗੁਰੂ ਡੰਮੀ ਦੇ ਦਰਸ਼ਨਾਂ ਨੂੰ ਜਾਂਦਾ ਸੀ ਤੇ ਉਸ ਕੋਲ ਇਕ ਪਰੇਮੀ ਨੇ ਆਕੇ ਬੇਨਤੀ ਕੀਤੀ ਕਿ ਦਾਸ ਕੀ ਸਿਹਤ ਪਤਾ ਨਹੀਂ ਕੀ ਕਾਰਣ ਹੈ ਬੜੇ ਬੜੇ ਇਲਾਜ ਕਰਾਏ ਠੀਕ ਨਹੀਂ ਹੁੰਦੀ ਕੋਈ ਉਪਾ ਦਸੋ। ਉਸ ਸਜਣ ਨੇ ਉਸ ਨੂੰ ਵੀ ਪ੍ਰੇਰ ਕੇ ਆਪਣੇ ਨਾਲ ਉਸ ਗੁਰੂ ਡੰਮ ਦੇ ਡੇਰੇ ਲੈ ਗਿਆ। ਇਹ ਨਵਾਂ ਪਰੇਮੀ ਅੰਮ੍ਰਿਤਧਾਰੀ ਸੀ ਸੋ ਉਸ ਨੂੰ ਡੰਮੀ ਗੁਰੂ ਦਾ ਇਹ ਪਾਖੰਡ ਚੰਗਾ ਨਾ ਲਗਾ ਤੇ ਭੋਗ ਤੋਂ ਬਾਦ ਡੰਮੀ ਗੁਰੂ ਦੇ ਕਮਰੇ ਵਿਚ ਚਲਾ ਗਿਆ ਜਿਥੇ ਉਸ ਦੇ ਹੋਰ ਚਾਟੜੇ ਵੀ ਸਨ ਉਹ ਫ਼ਤਹ ਬੁਲਾ ਕੇ ਬੈਠ ਗਿਆ ਜਿਹੜਾ ਪ੍ਰੇਮੀ ਨਾਲ, ਲਗਿਆ ਸੀ ਉਸ ਨੇ ਕਿਹਾ ਸਚੇ ਪਾਤਸ਼ਾਹ ਇਸ ਪਰੇਮੀ ਦਾ ਦੁਖ ਦੂਰ ਕਰੋ ਤੇ ਆਪਣੇ ਚਰਨਾਂ ਨਾਲ ਜੋੜੋ। ਫਿਰ ਡੰਮੀ ਗੁਰੂ ਨੇ ਫ਼ਰਮਾਇਆ ਕਿ ਪਰੇਮੀਆ ਆਪ ਨੂੰ ਤਕਲੀਫ ਹੈ ਇਹ ਬਚਨ ਸੁਣਕੇ ਅੰਮ੍ਰਿਤਧਾਰੀ ਸਿੰਘ ਖੜਾ ਹੋਕੇ ਬੇਨਤੀ ਕਰਨ ਲਗਾ ਮਹਾਰਾਜ ਦਾਸ ਨੂੰ ਇਕ ਦੌਰਾ ਪੈਂਦਾ ਹੈ।

ਇਸ ਦਾ ਬੜਾ ਇਲਾਜ ਕਰਵਾਇਆ ਪਰ ਕਿਤੇ ਠੀਕ ਨਹੀਂ ਹੋਇਆ ਸੋ ਇਸ ਪਰੇਮੀ ਨੇ ਦਾਸ ਨੂੰ ਪਰੇਰ ਕੇ ਆਪ ਦੇ ਪਾਸ ਲਿਆਂਦਾ ਹੈ ਆਪ ਕ੍ਰਿਪਾ ਕਰੋ ਮੇਰਾ ਦੁਖ ਦੂਰ ਕਰੋ ਤੇ ਦੌਰਾ ਵੀ ਸ਼ੁਰੂ ਹੋਣ ਵਾਲਾ ਏ ਇਹ ਕਹਿਕੇ ਪਰੇਮੀ ਨੇ ਡੰਮੀ ਗੁਰੂ ਦਾ ਦਾੜ੍ਹਾ ਫੜ ਲਿਆ ਤੇ ਕਿਹਾ ਮਹਾਰਾਜ ਗੁਰੂ ਨਾਨਕ ਸਾਹਿਬ ਨੇ ਪੰਜਾ ਲਗਾ ਕੇ ਪਹਾੜ ਨੂੰ ਰੋਕਿਆ ਸੀ। ਜੇ ਆਪ ਸਚੇ ਗੁਰੂ ਹੋ ਤਾਂ ਆਪ ਦਾੜ੍ਹਾ ਛੁਡਾਉ। ਸਭ ਚੇਲੇ ਚੁਪ ਚਾਪ ਖੜੇ*

www.AKJ.Org

# ਐਡੀਟਰ ਦੀ ਡਾਕ

ਸੇਵਾ ਵਿਖੇ, ਸ੍ਰੀ ਮਾਨ ਐਡੀਟਰ ਸਾਹਿਬ, "ਸੂਰਾ" ਪਟਿਆਲਾ ।

ਸਨਿਮ੍ਰ ਗੁਰ ਫ਼ਤਹਿ ਪ੍ਰਵਾਨ ਹੋਵੇ । ਗੁਰਮਤਿ ਪ੍ਰਕਾਸ਼ਕ ਤੇ ਗੁਰਸਿਖ ਜੀਵਨ ਦੀਆਂ ਸਹੀ ਤੇ ਕਮਾ ਪੂਰਤ ਵਿਚਾਰਾਂ ਦੇ ਪ੍ਰਤੀਕ "ਸੂਰਾ" ਨੂੰ ਪੜ੍ਹਕੇ ਹਿਰਦਾ ਅਤੀ ਪ੍ਰਸੰਨ ਹੋ ਜਾਂਦਾ ਹੈ । ਵਾਹਿਗੁਰੂ ਜੀ ਅਪਾਰ ਕ੍ਰਿਪਾ ਹੋਈ ਹੈ. ਕਿ ਅਸੀਂ ਭਾਈ ਸਾਹਿਬ ਜੀ ਦੇ ਜੀਵਨ ਸੋਮੇਂ ਤੇ ਉਨਾਂ ਦੀਆਂ ਲਿਖਤਾਂ ਪ੍ਰਭਤਾ ਨੂੰ ਇਸ ਰਾਂਹੀ ਦਰਸਾ, ਗੁਰ ਸਿਖੀ ਦਾ ਸਹੀ ਪ੍ਰਚਾਰ ਕਰ ਰਹੇ ਹਾਂ । ਕੁਛ ਸਾਲ ਪਹਿਲੋਂ ਜ ਭਾਈ ਸਾਹਿਬ ਅਜੇ ਮਨੁਖ ਜਾਮੇ ਵਿਚ ਹੀ ਸਨ, ਦਿਲੀ ਸਮਾਗਮ ਤੇ ਜੱਥੇ ਦੇ ਆਪਣੇ ਪਰਚੇ ਦੀ ਅਨਹੋ ਨੂੰ ਮਹਿਸੂਸ ਕਰਕੇ ਸ੍ਰੀ ਮਾਨ ਬਾਬੂ ਮਲ ਸਿੰਘ ਜੀ ਤੇ ਹੋਰ ਗੁਰਮੁਖ ਸਜਣਾਂ ਨਾਲ ਵਿਚਾਰ ਹੋਈ ਸੀ, ਤੇ ਉ "ਪੰਜਾਬੀ ਰਤਨ" ਲੁਧਿਆਣਾ ਨੂੰ ਇਸ ਸੇਵਾ ਵਾਸਤੇ ਨਿਯਤ ਕੀਤਾ ਸੀ। ਕੁਛ ਸਾਲ ਇਸ ਪਰਚੇ ਨੇ ਯਥ ਜੋਗ ਖਬਰਾਂ ਤੇ ਲੇਖਾਂ ਤੇ ਕਵਿਤਾਵਾਂ ਰਾਂਹੀਂ ਜੱਥੇ ਦੀ ਸੇਵਾ ਕੀਤੀ। ਪਰ "ਸੂਰਾ" ਨੂੰ ਜਿਹੜਾ ਜੱਥੇ ਦਾ ਸ ਪਰਚਾ ਹੈ, ਆਪ ਜੀ ਵਰਗੇ ਗੁਰਮੁਖ, ਸਿਆਣੇ ਤੇ ਨਿਸ਼ਕਾਮ ਸੇਵਕਾਂ ਦੇ ਹੱਥੋਂ ਪ੍ਰਕਾਸ਼ਤ ਹੁੰਦਾ ਵੇਖਕੇ ਅ ਖੁਸ਼ੀ ਹੁੰਦੀ ਹੈ, ਕਿ ਇਸਤਰਾਂ ਹੀ ਅਸੀਂ ਭਾਈ ਸਾਹਿਬ ਤੇ ਦਸਮ ਪਿਤਾ ਦੇ ਅਪਾਰ ਰਿਣ ਨੂੰ ਪ੍ਰਚਾਰ ਰਾ ਕਿਸੇ ਹੱਦ ਤਕ ਪੂਰਾ ਕਰ ਸਕੀਏ। ਭਾਈ ਸਾਹਿਬ ਜੀ ਨੇ ਆਪਣੀ ਲਿਖਣ ਦਵਾਰਾ ਸਿਖ-ਪੰਥ ਖਾਸ ਕਰਕੇ ਆਤਮਕ ਅਭਿਲਾਸੀਆਂ ਤੇ ਬਹੁਤ ਹੀ ਉਪਕਾਰ ਕੀਤਾ ਹੈ। ਸਿਖ-ਪੰਥ ਜਾਂ ਹੋਰ ਸਚ ਢੂਡ ਸਜਣ ਇਨ੍ਹਾਂ ਦੀਆਂ ਗੁਰਮਤਿ ਗੋਝ ਰਮਜ਼ਾਂ ਤੇ ਉਚੇ ਸੁਚੇ ਆਤਮਕ ਗਿਆਨ ਤੋਂ ਅਜੇ ਬਹੁਤ ਅਬੂਝ ਹ ਖਾਸ ਕਰਕੇ ਉਨ੍ਹਾਂ ਦੇ ਕਵਿਤਾ ਦੇ ਪੱਖ ਤੋਂ ਤਾਂ ਉਨ੍ਹਾਂ ਦੇ ਬਹੁਤ ਸਾਰੇ ਨਿਕਟ ਵਰਤੀ ਜੀ ਉਨ੍ਹਾਂ ਨੂੰ ਜ ਨਹੀਂ ਪਾਏ। ਸਾਡਾ ਪੰਜਾਬੀ ਸਹਿਯਤ ਉਨਾਂ ਦੇ ਸਬਲ ਤੇ ਠੋਸ ਆਤਮਕ ਵਿਚਾਰਾਂ ਤੇ ਅਗੰਮੀ ਪ੍ਰੇਮ-ਵਹਿ ਨੂੰ ਨ ਸਮਝ ਸਕਣ ਕਾਰਨ ਜੋਗ ਅਸਥਾਨ ਨਹੀਂ ਦੇ ਰਹਿਆ। ਮੈਨੂੰ ਆਸ਼ਾ ਹੈ ਕਿ "ਸੂਰਾ" ਸਹੀ ਅਰ ਵਿਚ ਭਾਈ ਸਾਹਿਬ ਜੀ ਦੇ ਜੀਵਨ ਤੇ ਗੁਰਮਤਿ ਵਿਚਾਰਾਂ ਦਾ ਪ੍ਰਕਾਸ਼ਕ ਹੋਵੇਗਾ ਤੇ ਗੁਰ ਸਿਖੀ ਪ੍ਰਚਾਰ ਹਿ ਅਜਕਲ ਦੇ ਪਦਾਰਥ-ਵਾਦੀ ਸਮੇਂ ਵਿਚ ਆਤਮਕ ਭੁਖ ਤੋਂ ਭੁਖੀਆਂ ਤੇ ਭਟਕਦੀਆਂ ਰੂਹਾਂ ਨੂੰ ਸਚਾ ਰਸ ਦਰਸਾ "ਆਪ ਜਪੇ ਅਵਰਾ ਨਾਮ ਜਪਾਵੇ" ਦੀ ਪਰਥਾ ਨੂੰ ਚੜਦੀਆਂ ਕਲਾਂ ਵਿਚ ਪੂਰਾ ਕਰਦਾ ਰਹੇਗਾ।

ਆਪ ਜੀ ਦਾ ਦਾਸਰਾ, ਬਲਵੰਤ ਸਿਘ "ਨੂਰ" ਡੇਹਰਾਦੂ

---

ਰਹੇ ਇਹ ਕੰਮ ਕੋਈ 15 ਮਿੰਟ ਜਾਰੀ ਰਿਹਾ ਤੇ ਫਿਰ ਉਸ ਨੇ ਆਪ ਹੀ ਡੰਮੀ ਗੁਰੂ ਦਾ ਦਾੜਾ ਛਡ ਦਿਤਾ ਤੇ ਮੁੜ ਕੇ ਕਦੀ ਡੰਮੀ ਗੁਰੂ ਕੋਲ ਨਹੀਂ ਗਿਆ। ਖਾਸ ਕਰਕੇ ਜਿਹੜਾ ਪਰੇਮੀ ਲੈਕੇ ਗਿਆ ਸੀ ਉਸ ਨੇ ਵੀ ਜਾਨਾ ਬੰਦ ਕਰ ਦਿਤਾ। ਇਹ ਵਾਰਤਾ ਕੋਈ ਇਕ ਸਾਲ ਦੀ ਬਿਲਕੁਲ ਸਚੀ ਹੈ।

ਇਸ ਅਸਥੂਲ ਪੂਜਾ ਤੋਂ ਹੋਲੀ ਹੋਲੀ ਆਸ ਕੀਤੀ ਜਾ ਸਕਦੀ ਹੈ। ਕਿ ਕਦੀ ਉਹ 'ਸ਼ਬਦ ਗੁਰੂ ਦੇ ਤਾਬੇ ਹੋ ਜਾਣ। ਦ੍ਰਿੜ ਕਰਨ ਯੋਗ ਇਹ ਗਲ ਹੈ ਕਿ ਸ਼ਬਦ ਜੁਗੋ ਜੁਗੋ ਅਟਲ ਹੈ ਦੇਹਾਂ ਬਿਨਸਨ ਹਾਰ ਹਨ ਦੇਹ ਬਿਨਸ ਗਈ ਪਰ ਸ਼ਬਦ ਸੁਦਾ ਰਹੇਗਾ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਗੁਰੂ ਦਾ ਨੁਕਤਾ ਆਤਮਕ ਜਗਤ ਲਈ ਇਕ ਨਵੀਨ ਤੇ ਚਾਨਣ ਮੁਨਾਰਾ ਹੈ। ਖਾਲਸਾ ਪੰਥ ਵਿਚ ਵਡੇ ਵਡੇ ਗੁਰਪੁਰਬ ਮਨਾਏ ਜਾਂਦੇ ਹਨ ਉ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਜ ਪੋਸ਼ੀ ਪੁਰਬ ਕਿਤੇ ਕਿਤੇ ਹੀ ਮਨਾਇਆ ਜਾਂਦਾ ਹੈ। ਇ ਠੀਕ ਹੈ ਕਿ ਦਸਾਂ ਜਾਮਿਆਂ ਵਿਚ ਤ ਗੁਰੂ ਗ੍ ਸਾਹਿਬ ਜੀ ਵਿਚ ਕੋਈ ਫਰਕ ਨਹੀਂ ਪਰ ਇ ਪੁਰਬ ਦਾ ਵਡਾ ਮਹਤਵ ਇਸ ਲਈ ਹੈ ਕਿ ਹੁ ਸਾਰਾ ਖਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਹੈ। ਇਸੇ ਇਕ ਪੁਰਬ ਦੇ ਮਨਾਉਣ ਨ ਦਸੇ ਗੁਰੂ ਸਾਹਿਬਾਨ ਦੀ ਯਾਦ ਮਨਾਉਣ ਤੁਲ ਹੈ ਸੋ ਖਾਲਸਾ ਪੰਥ ਨੂੰ ਚਾਹੀਦਾ ਹੈ ਕਿ ਉ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਬ ਬੜੀ ਸ਼ਾਨ ਨਾ ਮਨਾਇਆ ਕਰਨ। 'ਸੂਰਾ' ਵਲੋਂ ਸਭ ਸੰਗਤਾਂ ਇਸ ਪੁਰਬ ਦੀ ਵਧਾਈ ਹੋਵੇ।

—o—

www.AKJ.Org

# ਸਾਲਾਨਾ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ ਜਲੰਧਰ ਵਿਖੇ ਅਖੰਡ ਕੀਰਤਨ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ, ਜਿਸ ਵਿਚ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਸਾਥੀ ਸਮੂਹ ਕੀਰਤਨੀ ਜਥੇ ਦੀਦਾਰ ਬਖਸ਼ਕੇ ਰਸ ਭਿਨੜੇ ਕੀਰਤਨ ਦੁਆਰਾ ਕ੍ਰਿਤਾਰਥ ਕਰਨ ਗੇ।

## *ਕੀਰਤਨ ਪ੍ਰੋਗਰਾਮ*

| | | |
|---|---|---|
| ੧. ੩-੧੧-੬੮ ਐਤਵਾਰ | (ੳ) | ਕੀਰਤਨ ਆਸਾ ਦੀ ਵਾਰ ਅਰੰਭ ੩ ਵਜੇ ਉਪ੍ਰੰਤ ਸ੍ਰੀ ਅਖੰਡ ਪਾਠ ਪ੍ਰਾਰੰਭ ੬ ਵਜੇ ਗੁਰਦੁਆਰਾ ਸਰਾਜ ਗੰਜ (ਗੁਰੂ ਨਾਨਕ ਪੁਰਾ) ਜਲੰਧਰ |
| | (ਅ) | ੭ ਵਜੇ ਤੋਂ ੧੨ ਵਜੇ ਦੁਪਹਿਰ ਤਕ ਕੀਰਤਨ ਗੁਰਦੁਆਰਾ ਬਾਜ਼ਾਰ ਸ਼ੇਖਾਂ ਜਲੰਧਰ। |
| ੨. ੩-੧੧-੬੮ ਐਤਵਾਰ | | ਸ਼ਾਮ ੬ ਤੋਂ ੯ ਤਕ ਕੀਰਤਨ, ਦੀਵਾਨ ਅਸਥਾਨ ਗੁਰਦੁਆਰਾ ਸਰਾਜ ਗੰਜ। |
| ੩. ੪-੧੧-੬੮ ਸੋਮਵਾਰ | | ਕੀਰਤਨ ਆਸਾ ਦੀ ਵਾਰ ਅਰੰਭ ੫ ਵਜੇ ਅੰਮ੍ਰਿਤ ਵੇਲੇ ਗੁਰਦੁਆਰਾ ਮਾਡਲ ਟਾਊਨ ਜਾਲੰਧਰ। |
| ੪. ੪-੧੧-੬੮ ਸੋਮਵਾਰ | | ਸ਼ਾਮ ੬ ਵਜੇ ਤੋਂ ੯ ਵਜੇ ਤਕ ਕੀਰਤਨ ਲਾਇਲਪੁਰ ਹਾਇਰ ਸੈਕੰਡਰੀ ਸਕੂਲ ਨਕੋਦਰ ਅਡਾ ਜਾਲੰਧਰ। |
| ੫. ੫-੧੧-੬੮ ਮੰਗਲਵਾਰ | | ਸਮਾਪਤੀ ਸ੍ਰੀ ਅਖੰਡ ਪਾਠ ਉਪ੍ਰੰਤ ਕੀਰਤਨ ਆਸਾ ਦੀ ਵਾਰ ਲਾਇਲਪੁਰ ਹਾਇਰ ਸੈਕੰਡਰੀ ਸਕੂਲ ਅਡਾ ਨਕੋਦਰ ਜਲੰਧਰ। |
| ੬. ੫-੧੧-੬੮ ਮੰਗਲਵਾਰ | | ੮ ਵਜੇ ਪ੍ਰਾਰੰਭ **ਰੈਣ ਸਬਾਈ ਕੀਰਤਨ।** ਲਾਇਲਪੁਰ ਹਾਇਰ ਸੈਕੰਡਰੀ ਸਕੂਲ ਅਡਾ ਮਕੋਦਰ |
| ਅੰਮ੍ਰਿਤ ਸੰਚਾਰ | | ਪ੍ਰਾਰੰਭ ੧੨ ਵਜੇ ਦੁਪਹਿਰ ਗੁਰਦੁਆਰਾ ਨਾਨਕ ਪੁਰਾ। |

ਪ੍ਰਾਰਥਕ
ਨਿਰਬਾਣ ਕੀਰਤਨੀ ਜਥਾ, ਜਾਲੰਧਰ


www.AKJ.Org

# ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ—ਨੰ: ੩

] ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਡਾਕਟਰ—ਜੇ ਮੇਰਾ ਆਪ ਸਾਹਮਣੇ ਬੈਠਣ ਵਾਲਾ ਗੁਣ ਉਡ ਜਾਏ ਤਾਂ ਇਸ ਦੇ ਅਰਥ ਇਹ ਹਨ ਕਿ ਯਾ ਤਾਂ ਮੈਂ ਆਪ ਦੇ ਸਾਹਮਣਿਓਂ ਉਠ ਕੇ ਕਿਤੇ ਲਾਂਭੇ ਚਲਿਆ ਜਾਵਾਂ (ਅਰਥਾਤ ਮੈਂ ਹੀ ਆਪ ਦੇ ਸਾਹਮਣੇ ਨਾ ਰਹਾਂ) ਯਾ ਆਪ ਹੀ ਮੇਰੇ ਸਾਹਮਣਿਓਂ ਉਠ ਕੇ ਕਿਤੇ ਲਾਮ੍ਹ ਛਾਮ੍ਹ ਹੋ ਜਾਵੇ, ਯਾ ਆਪ ਦੀ ਮੈਨੂੰ ਸਾਹਮਣੇ ਦੇਖਣ ਵਾਲੀ ਸ਼ਕਤੀ ਹੀ ਨਾ ਰਹੀ ਹੋਵੇ, ਪਰੰਤੂ ਇਸ ਤੋਂ ਇਹ ਤਾਂ ਕਦੇ ਸਿਧਾਂਤ ਨਿਕਲ ਨਹੀਂ ਸਕਦਾ ਕਿ ਮੈਂ ਹਾਂ ਹੀ ਨਹੀਂ!

ਸਿੰਘ—ਭਲਾ, ਇਹ ਤਿੰਨੇ ਗੱਲਾਂ ਤਾਂ ਮੰਨੀਆਂ। ਆਪ ਦਾ ਐਥੋਂ ਉਠ ਕੇ ਚਲੇ ਜਾਣਾ ਹੀ ਮੰਨਿਆਂ, ਯਾ ਮੇਰਾ ਹੀ ਐਥੋਂ ਲੋਪ ਹੋ ਜਾਣਾ ਮੰਨਿਆਂ ਅਤੇ ਇਹ ਭੀ ਮੰਨਿਆਂ ਕਿ ਮੇਰੇ ਵਿਚ ਆਪ ਨੂੰ ਦੇਖਣ ਦੀ ਸ਼ਕਤੀ ਨਹੀਂ, ਪਰ ਫੇਰ ਵੀ ਆਪ ਆਪਣੇ ਆਪ ਨੂੰ ਮੇਰੇ ਤਾਂਈਂ ਕਿਸ ਬਿਧ ਜਣਾਓਗੇ? ਮੈਨੂੰ ਇਹ ਕਿਕੂੰ ਪਤਾ ਲਗੇ ਕਿ ਆਪ ਕੀ ਹੋ? ਜਦ ਮੈਨੂੰ ਆਪ ਦੇ ਸਾਹਮਣੇ ਬੈਠਣ ਦੀ ਹਾਲਤ ਵਿਚ ਆਪ ਦਾ ਆਪ ਦੇ ਸਾਹਮਣੇ ਬੈਠਣ ਵਾਲੇ ਗੁਣਾਂ ਤੋਂ ਭਿੰਨ ਹੋਰ ਕੁਛ ਥਹੁ ਪਤਾ ਨਹੀਂ ਲਗਿਆ ਤਦ ਆਪ ਦੇ ਉਠ ਕੇ ਲਾਂਭੇ ਚਲੇ ਜਾਣ ਨਾਲ ਮੈਨੂੰ ਕੀ ਪਤਾ ਲਗੂ, ਅਥਵਾ ਮੇਰੇ ਹੀ ਆਪ ਦੇ ਸਾਹਮਣਿਓਂ ਪ੍ਰੋਡੇ ਹੋਣ ਕਰਕੇ ਕੀ ਪਤਾ ਲਗੂ ਕਿ ਆਪ ਕੀ ਹੋ? ਜਦ ਆਪ ਆਪਣੇ ਆਪ ਨੂੰ ਮੇਰੇ ਤਾਈਂ ਇਸ ਹਾਲਤ ਵਿਚ ਨਹੀਂ ਜਣਾ ਸਕੇ ਜਦ ਕਿ ਆਪ ਆਪਣੇ ਨਿਜ ਕਥਨ ਦੁਆਰਾ ਮੇਰੇ ਸਾਹਮਣੇ ਬੈਠੇ ਹੋ, ਤਦ ਉਸ ਹਾਲਤ ਵਿਚ ਜਦ ਕਿ ਆਪ ਮੈਥੋਂ ਲਾਂਭੇ ਹੋ ਜਾਓਗੇ ਯਾ ਮੈਂ ਆਪ ਦੇ ਪਾਸੋਂ ਉਠ ਕੇ ਚਲਿਆ ਜਾਊਂਗਾ, ਆਪਣਾ ਆਪ ਮੇਰੇ ਤਾਂਈਂ ਕਦ ਜਣਾ ਸਕੋਗੇ? ਆਪ ਦੇ ਪਾਸੋਂ ਉੱਠ ਕੇ ਮੇਰੀ ਆਪ ਨੂੰ ਪੇਖ, ਜਾਣ ਸਕਣ ਵਾਲੀ ਸ਼ਕਤੀ ਬੀ ਕੋਈ ਏਦੂੰ ਵਧੇਰੇ ਨਹੀਂ ਹੋ ਜਾਵ[ੇ] ਲਗੀ।

ਡਾਕਟਰ—ਮਾਫ਼ ਕਰਨਾ, ਮੈਂ ਆਪ ਦੇ ਉਕਤ ਸ਼ਕਤੀ ਹੀਣ ਹੋਣ ਦਾ ਦੂਸ਼ਨ ਆਪ ਦ[ੇ] ਉਤੇ ਨਹੀਂ ਲਗਾਉਂਦਾ। ਏਹ ਮੈਨੂੰ ਤਦ ਕਹਿਣ[ਾ] ਪਿਆ ਕਿ ਜਾਣ ਬੁਝ ਕੇ ਮੇਰੀ ਹਸਤੀ ਤੇ ਮੁਕਰ[...] ਹੋ, ਹਾਲਾਂ ਕਿ ਮੈਂ ਸਾਫ (ਪਰਤੱਖ) ਆਪ ਦ[ੇ] ਸਾਹਮਣੇ ਬੈਠਾ ਹਾਂ।

ਸਿੰਘ—ਮੈਂ ਆਪ ਨੂੰ ਸਾਫ ਅਤੇ ਸਚੇ ਦਿ[ਲ] ਨਾਲ ਕਹਿੰਦਾ ਹਾਂ ਕਿ ਮੈਨੂੰ ਆਪ ਦੇ ਮੁਖ ਤੋ[ਂ] ਉਚਾਰੇ ਬਚਨਾਂ ਤੋਂ ਵਧੀਕ ਹੋਰ ਕਿਸੇ ਸਾਖਾ ਯ[ਾ] ਸ਼ਹਾਦਤ ਦਾ ਵਧੀਕ ਭਰੋਸਾ ਨਹੀਂ, ਜੋ ਕੁ[...] ਏਹਨਾਂ ਬਚਨਾਂ ਨੇ ਆਪ ਦੇ ਸਰੂਪ (ਵਜੂਦ[)] ਅਰਥਾਤ ਹਸਤੀ ਨੂੰ ਮੇਰੇ ਤਾਈਂ ਜਣਾਇਆ ਹੈ [...] ਕੇਵਲ ਇਹੋ ਕਿ ਆਪ ਉਹ ਚੀਜ਼ ਹੋ ਜੋ ਮੇ[ਰੇ] ਸਾਹਮਣੇ ਬੈਠੇ ਹੋ। ਤਾਂ ਤੇ ਮੈਂ ਆਪ ਨੂੰ ਮਨ ਬ[...] ਕ੍ਰਮ ਕਰਕੇ ਆਪ ਦੇ ਮੇਰੇ ਸਾਹਮਣੇ ਬੈਠਣ ਰੂਪ[ੀ] ਗੁਣਾਂ ਤੋਂ ਭਿੰਨ ਹਰਗਿਜ਼ ਹਰਗਿਜ਼ ਹੋਰ ਕੋ[ਈ] ਵਸਤੂ ਨਹੀਂ ਸਮਝਦਾ। ਜੇ ਹੋਰ ਕੁਛ ਸਮਝਾਂ ਤ[ਾਂ] ਇਸ ਦਾ ਇਹ ਭਾਵ ਹੈ ਕਿ ਮੈਨੂੰ ਆਪਦੇ ਬਚਨ[ਾਂ] ਉਤੇ ਭਰੋਸਾ ਨਹੀਂ।



www.AKJ.Org

ਡਾਕਟਰ—ਆਪ ਦੇ ਸਮਝਣ ਵਿਚ ਫਰਕ ਹੈ।

ਸਿੰਘ—ਮੇਰੀ ਸਮਝ ਅੰਦਰ ਜੇ ਭਲਾ ਫਰਕ ਹੈ ਤਾਂ ਓਹ ਆਪ ਕਿਰਪਾ ਕਰ ਕੇ ਕੱਢ ਦਿਓ।

ਡਾਕਟਰ—ਨਹੀਂ ਇਸ ਦਾ (ਮੇਰੇ ਇਹ ਕਹਿਣ ਦਾ) ਇਹ ਮਤਲਬ (ਭਾਵ) ਨਹੀਂ ਕਿ ਆਪ ਦੀ ਸਮਝ ਵਾਲੀ ਸ਼ਕਤੀ (Power of understanding] ਅੰਦਰ ਕੁਛ ਨੁਕਸ [Defect] ਹੈ, ਸਿਰਫ ਮੇਰੀ ਮੁਰਾਦ ਇਹ ਹੈ ਕਿ ਆਪ ਕਿਵੇਂ ਹੋਰਵੇਂ ਸਮਝ ਗਏ ਹੋ ਅਤੇ ਮੇਰੇ ਕਥਨ ਵਾਲੇ ਪਦਾਂ ਦਾ ਕੁਛ ਉਲਟਾ ਅਰਥ ਲਗਾ ਗਏ ਹੋ।

ਸਿੰਘ—ਜਾਣ ਬੁਝ ਕੇ ਤਾਂ ਮੈਂ ਕੋਈ ਉਲਟਾ ਅਰਥ ਲਗਾਇਆ ਨਹੀਂ, ਹਾਂ! ਮੇਰੀ ਸਮਝ ਵਿਚ ਹੀ ਨਾ ਬੈਠਾ ਹੋਵੇ ਤਾਂ ਗਲ ਹੋਰ ਹੈ। ਜਿਥੇ ਤਾਈਂ ਮੇਰੀ ਸਮਝ ਹੈ, ਆਪ ਦੇ ਅਰਥ ਮੈਨੂੰ ਸਾਫ ਸਪਸ਼ਟ ਹੋ ਗਏ ਹਨ। ਜੇ ਏਹਨਾਂ ਮੇਰੇ ਸਮਝੇ ਅਰਥਾਂ ਤੋਂ ਭਿੰਨ ਆਪ ਦੇ ਕਥੇ ਪਦਾਂ ਦਾ ਕੋਈ ਹੋਰ ਭਾਵ ਹੋਵੇ ਤਾਂ ਕਿਰਪਾ ਕਰਕੇ ਮੈਨੂੰ ਹੋਰ ਅਛੀ ਤਰ੍ਹਾਂ ਦ੍ਰਿੜਾ ਸਮਝਾਓ।

ਡਾਕਟਰ—ਭਲਾ ਆਪ ਦੀ ਸਮਝ ਅੰਦਰ ਮੈਂ ਕੀ ਕਿਹਾ ਸੀ ?

ਸਿੰਘ—ਆਪ ਨੇ ਆਪਣਾ ਆਪ ਮੇਰੇ ਤਾਈਂ ਇਸ ਬਿਧ ਜਣਾਇਆ ਸੀ ਕਿ ਮੈਂ ਆਪ ਦੇ ਸਾਹਮਣੇ ਬੈਠਾ ਹਾਂ।

ਡਾਕਟਰ—ਇਸ ਦਾ ਭਾਵ ਆਪ ਨੇ ਕੀ ਸਮਝਿਆ ?

ਸਿੰਘ—ਬਸ ਇਹੋ ਕਿ ਆਪ ਦਾ ਸਰੂਪ ਆਪ ਦੇ ਜਣਾਏ ਇਹਨ੍ਹਾਂ ਪਦਾਂ ਅੰਦਰ ਹੀ ਹੈ, ਇਹਨਾਂ ਤੋਂ ਭਿੰਨ ਨਹੀਂ।

ਡਾਕਟਰ—ਕਿਆ ਏਹਨਾਂ ਪਦਾਂ ਤੋਂ ਸਿੱਧ ਹੋਏ ਅਰਥਾਂ ਤੋਂ ਬਾਹਰਾ ਮੇਰਾ ਸਰੂਪ ਕੁਛ ਹੋਰ ਨਹੀਂ ?

ਸਿੰਘ—ਜੇ ਹੈ ਤਾਂ ਆਪ ਦਸੋ, ਛੁਪਾ ਕੇ ਕਿਉਂ ਰਖਿਆ ਹੈ ਤਦ ਤਾਂ ਆਪ ਦੇ ਦੱਸਣ ਵਿਚ ਹੀ ਫਰਕ ਹੋਇਆ, ਮੇਰੀ ਸਮਝ ਵਿਚ ਨਹੀਂ।

ਡਾਕਟਰ—ਨਹੀਂ ਆਪ ਦੀ ਸਮਝ ਵਿਚ ਹੀ ਹੈ।

ਸਿੰਘ—ਤਾਂ ਕਿਰਪਾ ਕਰਕੇ ਸਮਝਾਓ।

ਡਾਕਟਰ—ਹੈਰਾਨ ਜਿਹਾ ਹੋ ਕੇ, ਕਿਕੂੰ ਸਮਝਾਵਾਂ ਕੁਛ ਸਮਝ ਨਹੀਂ ਪੈ ਦੀ।

ਸਿੰਘ—ਸਮਝਾਉਣ ਦੀ ਸਮਝ ਨਹੀਂ ਪੈਂਦੀ ? ਕਿ ਦੱਸਣ ਵਿਚ ਹੀ ਕੁਛ ਆਪ ਨੇ ਫਰਕ ਰਖਿਆ ਹੈ।

ਡਾਕਟਰ ਹੋਰੀਂ ਇਸ ਪਰ ਕੁਛ ਬੋਲ ਨਹੀਂ ਅਤੇ ਡੂੰਘੀ ਘਬਰਾਹਟ ਵਾਲੀ ਵਿਚਾਰ ਅਤੇ ਸੋਚਾਂ ਵਿਚ ਪੈ ਗਏ। ਫੇਰ ਉਠ ਕੇ ਏਧਰ ਓਧਰ ਕੁਛ ਟਹਿਲੇ। ਕੋਈ ਦੋ ਕੁ ਮਿੰਟ ਪਸਚਾਤ ਉਭੜਵਾਹੇ ਜਿਹੇ ਹੋਕੇ ਬੋਲ ਉਠ ਕਿ ਲਓ! ਹੁਣ ਮੈਂ ਆਪ ਨੂੰ ਅਛੀ ਤਰ੍ਹਾਂ ਸਮਝਾਉਂਦਾ ਹਾਂ। ਇਹ ਕਹਿ ਕਿ ਆਪਣੀ ਕੁਰਸੀ ਫਿਰ ਮੱਲ ਲਈ ਅਤੇ ਇਸ ਬਿਧ ਉਚਾਰਨ ਲਗ.—

ਡਾਕਟਰ—ਚਾਹੇ ਆਪ ਦੇ ਕਥਨ ਅਨੁਸਾਰ ਮੇਰਾ ਆਪ ਦੇ ਸਾਹਮਣੇ ਮੇਰਾ ਇਕ ਗੁਣ ਹੈ ਪਰੰਤੂ ਮੈਂ ਇਸ ਤੋਂ ਅਲੱਗ ਵਸਤੂ ਹਾਂ, ਬੈਠਣ ਵਾਲਾ ਜ ਹੈ ਸੋ ਇਸ ਗੁਣ ਤੋਂ ਭਿਨ ਹੈ।

ਸਿੰਘ—ਭਲਾ ਜੇ ਭਿਨ ਹੈ ਤਾਂ ਆਪ ਉਸ ਦਾ ਭਿੰਨ ਸਰੂਪ ਬਣਾਓ ਤਾਂ ਸਹੀ ਕਿ ਹੈ ਕੀ ?

ਡਾਕਟਰ—ਓਹ ਬੈਠਣ ਵਾਲਾ ਮੈਂ ਹਾਂ ਜੋ ਇਕ ਅਲੱਗ ਵਸਤੂ ਹੈ ਅਤੇ ਮੇਰਾ ਬੈਠਣਾ ਮੇਰਾ ਇਕ ਕਰਤੱਬ ਹੈ ਜੋ ਮੈਥੋਂ ਅਲੱਗ ਹੈ।

ਸਿੰਘ—ਪ੍ਰੰਤੂ ਆਪ ਦੀ ਹਸਤੀ ਤਾਂ ਮੇਰੇ ਤਾਂਈਂ ਆਪ ਦੇ ਇਸ ਕਰਤੱਬ ਤੋਂ ਹੀ ਸਿੱਧ ਹੈ। ਇਸ ਆਪ ਦੇ ਕਰਤੱਬ ਤੋਂ ਭਿੰਨ ਤਾਂ ਮੇਰੇ ਨਿਕਟ ਹੋਰ ਕੁਛ ਨਹੀਂ, ਅਰਥਾਤ ਜੋ ਆਪ ਦਾ ਇਹ ਕਰਤੱਬ ਨਾ ਹੋਵੇ ਤਾਂ ਆਪ ਭੀ ਕੁਛ ਨਹੀਂ ਹੋ।

ਡਾਕਟਰ—ਐਵੇਂ ਨਹੀਂ ?

ਸਿੰਘ—ਬਿਲਕੁਲ ਨਹੀਂ।

ਡਾਕਟਰ—ਕੀ ਮੈਂ ਕੇਵਲ ਬੈਠਣ ਕਰਕੇ ਹੀ ਹੋਂਦ ਹਾਂ ਅਤੇ ਇਸ ਕਰਤੱਬ ਬਿਨਾਂ ਕੀ ਮੈਂ ਅਣਹੋਂਦ ਹੀ ਹਾਂ ?


www.AKJ.Org

ਸਿੰਘ—ਬੱਸ, ਜੋ ਕੁਛ ਹੋ ਇਸ ਕਰਤੱਬ ਤੋਂ ਭਿੰਨ ਨਹੀਂ, ਜੇ ਹੋ ਤਾਂ ਮੈਨੂੰ ਭਲੀ ਬਿਧ ਜਣਾ ਦਿਓ।

ਡਾਕਟਰ–ਮੈਂ ਇਕ ਓਹ ਜੀਊਂਦੀ ਜਾਗਦੀ ਤਾਕਤ ਹਾਂ ਜੋ ਜਦੋਂ ਚਾਹੇ ਬੈਠ ਸਕੇ, ਉਠ ਸਕੇ, ਨੱਠ ਭੱਜ ਸਕੇ ਅਤੇ ਆਪ ਦੇ ਪਾਸੋਂ ਉਠ ਕੇ ਕਿਸੇ ਹੋਰ ਦੇ ਪਾਸ ਜਾ ਸਕੇ।

ਸਿੰਘ—ਹੁਣ ਮੈਨੂੰ ਆਪ ਦਾ ਸਰੂਪ ਆਪ ਦੇ ਦੱਸੇ ਅਧਿਕ ਗੁਣਾਂ ਵਿਚ ਪਰਗਟ ਹੋਇਆ, ਅਰਥਾਤ ਆਪ ਓਹ ਜਿਊਂਦੀ ਜਾਗਦੀ ਤਾਕਤ ਹੋ, ਜੋ ਨਾ ਕੇਵਲ ਮੇਰੇ ਸਾਹਮਣੇ ਹੀ ਬੈਠਣ ਦੀ ਸ਼ਕਤੀ ਰਖਦੀ ਹੈ, ਕਿਤੂ ਜਿਥੇ ਚਾਹੇ ਉਠ ਕੇ ਜਾ ਸਕਦੀ ਹੈ ਜਦ ਚਾਹੇ ਆਪਣੀ ਮਰਜ਼ੀ ਨਾਲ ਬੈਠ ਸਕਦੀ ਹੈ। ਉਠ ਸਕਦੀ ਭੱਜ ਨੱਸ ਸਕਦੀ ਹੈ, ਪ੍ਰੰਤੂ ਜੋ ਕੁਛ ਆਪ ਹੋ ਸੋ ਏਹੋ ਕੁਛ ਹੀ ਹੋ ਜਿਹਾ ਕਿ ਆਪ ਨੇ ਉਪਰ ਦਸਿਆ ਹੈ। ਏਸ ਉਪਰ ਦੱਸੀ ਆਪ ਦੀ ਰੇਖਾ ਤੋਂ ਭਿੰਨ ਤਾਂ ਆਪ ਹੋਰ ਕੁਛ ਨਹੀਂ ਹੋ। ਭਲਾ ਅਜੇ ਭੀ ਕੁਛ ਹੋਰ ਆਪ ਆਪਣੀ ਰੇਖਾ ਵਿਖੇ ਮੀਨ-ਰੇਖਾ ਲਗਾ ਸਕਦੇ ਹੋ, ਸੋ ਭੀ ਸਾਰੀ ਹੀ ਇਕੇ ਵਾਰ ਕਿਰਪਾ ਕਰਕੇ ਦਸ ਦੇਵੋ। ਗੱਲ ਕੀ, ਜੋ ਕੁਛ ਭੀ ਆਪ ਹੋ ਉਸ ਤੋਂ ਬਾਹਰ ਦੱਸਣਾ ਕੁਛ ਨਾ ਰਹਿ ਜਾਏ।

ਡਾਕਟਰ—ਮੈਂ ਇਕ ਊਹ ਤਾਕਤ ਹਾਂ, ਜੋ, ਬੋਲ ਸਕਦੀ ਹੈ, ਦਲੀਲ ਦੇ ਸਕਦੀ ਹੈ, ਜੋ ਹਰੇਕ ਗਲ ਸਮਝ ਸਕਦੀ ਹੈ। ਡੂੰਘੇ ਤੋਂ ਡੂੰਘੇ ਫਿਲਾਸਫੀ ਦੇ ਮਸਲੇ ਹਲ ਕਰ ਸਕਦੀ ਹੈ, ਜੋ ਡਾਕਟਰੀ ਦੇ ਸਰਬ ਅਸੂਲਾਂ ਵਿਚ ਤਾਕ ਹੈ, ਮੈਂ ਉਹ ਹਾਂ ਜੋ ਹੁਣ ਡਾਕਟਰ ਕਹਾਉਨਾ ਹਾਂ। ਲਿਖ ਸਕਦਾ ਹਾਂ, ਪੜ੍ਹ ਸਕਦਾ ਹਾਂ, ਦੇਖ ਸਕਦਾ ਹਾਂ, ਸੁਣ ਸਕਦਾ ਹਾਂ, ਖਾ ਸਕਦਾ ਹਾਂ, ਪੀ ਸਕਦਾ ਹਾਂ, ਜਦ ਚਾਹਾਂ ਉਤਾਰ ਸਕਦਾ ਹਾਂ। ਦਿਨੇ ਆਪਣੇ ਹਥੀਂ ਸਾਰਾ ਕੰਮ ਟੀਕੇ ਆਦਿ ਦਾ ਕਰਦਾ ਹਾਂ, ਰਾਤੀ ਆਰਾਮ ਨਾਲ ਸਉਂ ਜਾਂਦਾ ਹਾਂ, ਗੱਲ ਕੀ ਅਨੇਕ ਪ੍ਰਕਾਰ ਦੇ ਕਰਤੱਵ ਕਰਨ ਅਤੇ ਕਰ ਸਕਣ ਵਾਲਾ ਜੋ ਹਾਂ, ਸੋ ਮੈਂ ਹਾਂ।

ਸਿੰਘ—ਇਹ ਜੋ ਕੁਛ ਆਪ ਨੇ ਦਸਿਆ ਹੈ, ਸੋ ਆਪ ਦੇ ਗੁਣ ਹਨ। ਏਦੂੰ ਵਧ ਕੇ ਆਪ ਕੁਛ ਨਹੀਂ ਹੋ। ਆਪ ਜੋ ਕੁਛ ਹੋ ਸੋ ਕੇਵਲ ਇਹ ਕੁਛ ਹੋ ਜੋ ਕੁਛ ਹੁਣ, ਦੀ ਕਥਨੀ ਤੋਂ ਪ੍ਰਗਟ ਹੋਇਆ, ਇਸ ਤੋਂ ਭਿੰਨ ਤਾਂ ਆਪ ਹੋਰ ਕੁਛ ਨਹੀਂ ਹੋ?

ਡਾਕਟਰ—ਨਹੀਂ, ਮੈਂ ਇਸ ਤੋਂ ਅਜੇ ਭੀ ਭਿੰਨ ਹਾਂ।

ਸਿੰਘ—ਜੇ ਅਜੇ ਭਿੰਨ ਹੋਰ ਕੁਛ ਹੋ ਤਾਂ ਕਿਰਪਾ ਕਰਕੇ ਉਹ ਭਿੰਨ ਕੁਛ ਭੀ ਦਸ ਦਿਓ, ਕਿ ਕੀ ਹੈ? ਉਹ ਕਾਹਦੇ ਵਾਸਤੇ ਬਾਕੀ ਰਖੀ ਹੈ, ਮੈਂ ਤਾਂ ਆਪ ਨੂੰ ਆਖਿਆ ਸੀ ਕਿ ਜੋ ਕੁਛ ਆਪ ਹੋ ਸੋ ਸਭ ਕੁਛ ਕਿਰਪਾ ਕਰਕੇ ਮੈਨੂੰ ਦਸ ਦਿਓ, ਕਸਰ ਬਾਕੀ ਕੁਛ ਭੀ ਨਾ ਛੱਡਣੀ। ਸੋ ਸਾਰਾ ਜ਼ੋਰ ਲਾ ਕੇ ਜੋ ਕੁਛ ਆਪ ਦੀ ਕਥਨੀ ਨੇ ਮੈਨੂੰ ਜਣਾਇਆ ਸੀ, ਕੇਵਲ ਆਪ ਦੇ ਗੁਣ ਹੀ ਜਣਾਏ ਅਰਥਾਤ ਆਪ ਨੇ ਆਪਣੀ ਨਿਜ ਕਥਨੀ ਦੁਆਰਾ ਆਪਣੇ ਆਪ ਨੂੰ ਉਹ ਕੁਛ ਮੇਰੇ ਤਾਈਂ ਜਣਾਇਆ ਹੈ ਜਿਸ ਤੋਂ ਵਧ ਕੇ ਆਪ ਕੁਛ ਹੋਰ ਹੋ ਨਹੀਂ ਸਕਦੇ ਅਤੇ ਇਸ ਤੋਂ ਭਿੰਨ ਆਪ ਕੁਛ ਬਣ ਹੀ ਨਹੀਂ ਸਕਦੇ। ਸੋ ਜੋ ਕੁਛ ਹੁਣ ਆਪ ਨੇ ਬਣ ਕੇ ਦਿਖਾਇਆ ਹੈ, ਉਸ ਤੋਂ ਆਪ ਦਾ ਸਰੂਪ ਭਿੰਨ ਨਹੀਂ ਹੈ ਅਤੇ ਇਹ ਜੋ ਕੁਛ ਆਪ ਨੇ ਦਸਿਆ, ਕੇਵਲ ਗੁਣਾਂ ਦਾ ਇਕ ਸਮੂੰਹ ਹੈ। ਸੋ ਇਸ ਗੁਣਾਂ ਦੇ ਸਮੂਹ ਤੋਂ ਭਿੰਨ ਜੇ ਅਜੇ ਭੀ ਆਪ ਕੁਛ ਹੋਰ ਹੋ, ਤਾਂ ਉਹ ਭੀ ਕਿਰਪਾ ਕਰਕੇ ਮੇਰੇ ਤਾਈਂ ਸੂਚਨਾ ਕਰਾ ਦਿਓ।

ਡਾਕਟਰ–ਇਨ੍ਹਾਂ ਸਮੂਹ ਗੁਣਾਂ ਦੇ ਕਥਨ ਹਾਰਾ ਜੋ ਹੈ ਗੁਣਾਂ ਦੇ ਸਮੂਹ ਦਾ ਜੋ ਮਾਲਕ ਹੈ, ਸੋ ਮੈਂ ਹਾਂ ਜੋ ਨਿਰੋਲ ਉਕਤ ਗੁਣਾਂ ਤੋਂ ਨਿਆਰਾ ਅਤੇ ਭਿੰਨ ਸਰੂਪ (ਵਿਜੂਦ Being ਵਾਲਾ ਹਾਂ।

ਸਿੰਘ—ਇਹ ਭੀ ਜੋ ਆਪ ਨੇ ਕਥਨ ਕੀਤੇ ਹਨ ਆਪ ਦੇ ਹੋਰ ਗੁਣ ਹਨ ਅਰਥਾਤ 'ਸਮੂਹ ਗੁਣਾਂ ਦੇ ਕਥਨ ਹਾਰਾ' ਭੀ ਇਕ ਗੁਣ ਹੈ ਅਤੇ ਗੁਣਾਂ ਦੇ ਸਮੂਹ ਦਾ ਮਾਲਕ ਭੀ ਇਕ ਗੁਣ ਹੈ। ਆਪ ਦਾ ਭਿੰਨ ਸਰੂਪ ਤਾਂ ਤਦ ਭੀ ਸੂਚਨਾ ਨਾ


www.AKJ.Org

ਹੋਇਆ। ਜੋ ਕੁਛ ਹੁਣ ਤਾਈਂ ਸੂਚਨ ਹੋਇਆ ਹੈ ਸੋ ਕੇਵਲ ਗੁਣ ਹੀ ਗੁਣ ਹਨ। ਗੁਣਾਂ ਤੋਂ ਭਿੰਨ ਹੋਰ ਕੁਛ ਭੀ ਨਹੀਂ, ਬੱਸ ਪ੍ਰਤੀਤ ਅਤੇ ਸਿੱਧ ਹੋਇਆ ਕਿ ਆਪ ਦਾ ਸਰੂਪ ਜੋ ਕੁਛ ਹੈ ਸੋ ਉਕਤ ਸੂਚਨ ਹੋਏ ਗੁਣ ਹੀ ਗੁਣ ਹਨ, ਗੁਣਾਂ ਤੋਂ ਵੱਖ ਆਪ ਕੋਈ ਵਸਤੂ ਨਹੀਂ ਹੋ।

ਡਾਕਟਰ—ਨਹੀਂ, ਕਿਉਂ ਜੀ ਮੈਂ ਏਹਨਾਂ ਗੁਣਾਂ ਤੋਂ ਵੱਖ ਅਤੇ ਨਿਰਾਲਾ ਆਪਣੇ ਆਪ ਆਪ ਨੂੰ ਅਨੁਭਵ ਕਰਨਹਾਰਾ (Self Conscious) ਇਨਸਾਨ ( Human being ) ਹਾਂ, ਚਾਹੇ ਉਕਤ ਗੁਣ ਮੇਰੇ ਅੰਦਰ ਨਾ ਹੀ ਹੋਣ ਪਰ ਮੇਰੀ ਅਨੁਭਵ ਸ਼ਕਤੀ ਦੁਆਰਾ ਮੈਂ ਫੇਰ ਭੀ ਨਿਰਾਲਾ ਆਪਣੇ ਆਪ ਨੂੰ ਪ੍ਰਤੀਤ ਹੋਵਾਂਗਾ।

ਸਿੰਘ—ਇਸ ਤੋਂ ਏਤਨੀ ਸੂਝ ਹੋਰ ਲੱਗ ਗਈ ਕਿ ਆਪ ਆਪਣੇ ਅਨੁਭਵ ਦੁਆਰਾ ਆਪਣੇ ਆਪ ਨੂੰ ਹੀ ਪ੍ਰਤੀਤ ਵਾਲੇ ਵਜੂਦ Self Conscious being) ਹੋ। ਇਹ ਭੀ ਆਪ ਦਾ ਇਕ ਹੋਰ ਗੁਣ ਹੈ, ਪਰੰਤੂ ਆਪ ਦੇ ਵਜੂਦ ਦਾ ਨਿਰਾਲਾਪਣ ਤਾਂ ਤਦ ਭੀ ਸਿੱਧ ਨਾ ਹੋਇਆ।

ਡਾਕਟਰ—ਕਿਉਂ ਨਾ ਹੋਇਆ ਜਦ ਮੈਂ ਕਹਿਨਾ ਹਾਂ ਕਿ ਮੈਂ ਨਿਰਾਲਾ ਹਾਂ।

ਸਿੰਘ—ਆਪ ਦਾ ਨਿਰਾ ਕਹੀ ਜਾਣਾ ਕਿ ਨਿਰਾਲਾ ਹਾਂ, ਕੇਵਲ ਏਹ ਅਰਥ ਰਖਦਾ ਹੈ ਕਿ ਆਪ ਆਪਣੇ ਆਪ ਨੂੰ ਆਪਣੇ ਗੁਣਾਂ ਤੋਂ ਨਿਰਾਲਾ ਕਹੀ ਜਾਣ ਵਾਲੇ ਹੋ ਅਰਥਾਤ ਹੋਰ ਗੁਣਾਂ ਦੇ ਨਾਲ ਲਗਦਾ ਇਕ ਗੁਣ ਇਹ ਭੀ ਹੈ ਕਿ ਆਪ ਆਪਣੇ ਨੂੰ ਆਪਣੇ ਗੁਣਾਂ ਤੋਂ ਨਿਰਾਲਾ ਕਹਿਣ ਵਾਲੇ ਹੋ ਯਾ ਬਹੁਤੀ ਗੱਲ ਇਉਂ ਕਹਿ ਲਓ ਕਿ ਆਪ ਉਹ ਵਸਤੂ ਹੋ ਜੋ ਅਪਣੇ ਗੁਣਾਂ ਤੋਂ ਨਿਰਾਲੇ ਹੋ। ਇਸ ਭਾਖਿਆ ਨੇ ਭੀ ਤਾਂ ਏਹੀ ਸਿਧ ਕੀਤਾ ਕਿ ਆਪ ਦਾ ਆਪਣੇ ਗੁਣਾਂ ਤੋਂ ਨਿਰਾਲੇ ਹੋਣਾ ਭੀ ਇਕ ਆਪ ਦਾ ਗੁਣ ਹੈ ਪ੍ਰੰਤੂ ਇਸ ਗੁਣ ਤੋਂ ਭਿੰਨ ਤਾਂ ਫੇਰ ਭੀ ਆਪ ਦਾ ਨਿਰਾਲਾ ਸਰੂਪ ਨਿਰੂਪਨ ਨਾ ਹੋਇਆ। ਜੇ ਕੋਈ ਨਿਰਾਲਾ ਸਰੂਪ ਆਪ ਆਪਣਾ ਮੰਨਦੇ ਹੋ ਤਾਂ ਮੈਨੂੰ ਭੀ ਜਣਾ ਦਿਓ, ਬੜੀ ਕਿਰਪਾ ਹੋਵੇਗੀ।

ਡਾਕਟਰ—ਮੈਂ ਖੁਦ ਆਪ ਨੂੰ ਜਣਾ ਨਹੀਂ ਸਕਦਾ।

ਸਿੰਘ—ਆਪ ਖੁਦ ਆਪਣੇ ਸਰੂਪ ਨੂੰ ਜਾਣਦੇ ਹੋ ?

ਡਾਕਟਰ—ਹਾਂ, ਮੈਂ ਜਾਣਦਾ ਹਾਂ।

ਸਿੰਘ—ਤਾਂ ਵਡੇ ਸ਼ੋਕ ਅਤੇ ਅਸਚਰਜ ਦੀ ਗੱਲ ਹੈ ਕਿ ਜਿਸ ਵਸਤੂ ਨੂੰ ਕੋਈ ਖੁਦ ਜਾਣਦਾ ਹੋਵ ਉਸ ਨੂੰ ਦੂਸਰੇ ਤਾਈਂ ਜਣਾ ਨ ਸਕੇ। ਸੋ ਸਾਫ਼ ਗਲ ਤਾਂ ਇਹੋ ਦਿਸਦੀ ਹੈ ਕਿ ਆਪ ਜਾਣਦੇ ਹੀ ਨਹੀਂ।

ਡਾਕਟਰ—ਅਸਲ ਗੱਲ ਤਾਂ ਇਹੋ ਹੈ ਕਿ ਜਿਸ ਨੂੰ ਜਾਨਣਾ ਆਖਦੇ ਹਨ, ਜਾਨਣਾ ਅਰਥਾਤ ਪੰਜ ਗਿਆਨ ਇੰਦਰੇ ਦੁਆਰਾ ਜਾਨਣਾ [To know perceive by five senses] ਅਜੇਹੀ ਜਾਨਣੀ ਤਾਂ ਮੈਂ ਆਪਣੇ ਸਰੂਪ ਨੂੰ ਕੋਈ ਅਲੱਗ ਵਸਤੂ ਉਕਤ ਕਥੇ ਗੁਣਾਂ ਤੋਂ ਭਿੰਨ ਜਾਣਦਾ ਨਹੀਂ। ਹਾਂ ਮੈਂ ਏਤਨਾ ਅਨੁਭਵ ]Feel or cenceive] ਤਾਂ ਜ਼ਰੂਰ ਕਰਦਾ ਹਾਂ ਕਿ ਮੇਰਾ ਸਰੂਪ ਉਕਤ ਗੁਣਾਂ ਤੋਂ ਭਿਨ ਜ਼ਰੂਰੀ ਕੋਈ ਅਟੰਕ ਵਜੂਦ ਹੈ।

ਸਿੰਘ—ਪਰ ਕੀ ਆਪ ਏਨੀ ਗਲ ਭੀ ਅਨੁਭਵ ਕਰਦੇ ਹੋ ਕਿ ਆਪ ਦੇ ਇਸ ਅਨੁਭਵ ਕੀਤੇ ਵਜੂਦ ਦੇ ਕੋਈ ਗੁਣ ਨਹੀਂ ਹੋਣਗੇ ?

ਦਾਕਤਰ—ਮੈਂ ਕੀ ਆਖ ਸਕਦਾ ਹਾਂ, ਜੋ ਵਜੂਦ ਹੀ ਗੁਪਤ ਹੈ, ਉਸ ਦੇ ਗੁਣਾਂ ਦੀ ਮੈਨੂੰ ਕੀ ਗਿਆਤ ਹੋ ਸਕਦੀ ਹੈ।

ਸਿੰਘ—ਆਪ ਏਤਨਾ ਤਾਂ ਅਨੁਮਾਨ ਮਾਤ੍ਰ ਅਨੁਭਵ ਕਰ ਸਕਦੇ ਹੋ ਕਿ ਆਪ ਦੇ ਅਨੁਭਵ ਕੀਤੇ ਵਜੂਦ ਦਾ ਕੋਈ ਸਰੂਪ ਤਾਂ ਜ਼ਰੂਰ ਹੋਣਾ ਹੈ।

ਡਾਕਟਰ—ਉਸ ਦਾ ਸਰੂਪ ਤਾਂ ਕੋਈ ਜ਼ਰੂਰ ਹੋਣਾ ਚਾਹੀਏ ਨਹੀਂ ਤਾਂ ਵਜੂਦ ਤੋਂ ਹੀ ਮੁਕਰਨਾ ਪਵੇਗਾ। (ਚਲਦਾ)


www.AKJ.Org

# ਅੰਮ੍ਰਿਤ-ਵੇਲਾ (ਨੰ: ੧੦)

( ਡਾਕਟਰ ਤੇਜਇੰਦਰ ਸਿੰਘ ਜੀ, ਭੂਪਾਲ )

## ਅੰਮ੍ਰਿਤ ਵੇਲਾ ਤੇ ਧੂਪ

ਕੀ ਅੰਮ੍ਰਿਤ ਵੇਲੇ (ਜਾਂ ਕਿਸੇ ਵੇਲੇ) ਸਤਿਸੰਗ ਵਿਚ ਧੂਪ ਧੁਖਾਉਣੀ ਚਾਹੀਦੀ ਹੈ ?

ਧੂਪ ਨਾਮ ਹੈ ਇਕ ਖੁਸ਼ਬੂਦਾਰ ਧੂੰਆਂ ਦੇਣ ਵਾਲੀ ਸ਼ੈ ਦਾ ਜ ਕਈ ਚੀਜ਼ਾਂ ਤੇ ਜੜੀ ਬੂਟੀਆਂ (ਗੁਗਲ, ਲੋਬਾਨ, ਬੁਰਾਦਾ ਚਦਨ, ਰਾਲ ਆਦਿ) ਕੁੱਟ ਮਿਲਾ ਕੇ,ਤਿਆਰ ਕਰਕੇ, ਧੁਖਾਈ ਜਾਂਦੀ ਹੈ। ਪੁਰਾਣੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਇਹ ਹਵਾ ਸ਼ੁੱਧ ਤੇ ਸੁਗੰਧਤ ਕਰਦੀ ਹੈ। ਇਹ ਨਹੀਂ ਠੀਕ ਪਤਾ ਲਗ ਸਕਿਆ ਕਿ ਇਹ ਹਵਾ ਨੂੰ ਸਾਫ਼ ਕਿਵੇਂ ਕਰ ਸਕਦੀ ਹੈ। ਜਿਥੇ ਕੋਈ ਚੀਜ਼ ਬਲ ਰਹੀ ਹੈ ਉਥੇ Oxygen (ਆਕਸੀਜਨ) ਦਾ ਤੱਤ ਖਤਮ ਹੋ ਰਿਹਾ ਹੈ ਤੇ ਜਿਥੇ ਧੂਆਂ ਆ ਰਿਹਾ ਹੈ ਉਥੇ ਉਸ ਹਵਾ ਦੀ ਸ਼ੁੱਧਤਾ ਘਟ ਰਹੀ ਹੈ, ਜਾਂ ਇਉਂ ਆਖੋ ਕਿ ਹਵਾ ਤੇ ਧੂਆਂ ਮਿਲਣ ਨਾਲ ਸਾਹ ਲੈਣ ਵਾਲੀ ਹਵਾ ਵਿਚੋਂ ਆਕਸੀਜਨ ਦੀ ਮਾਤ੍ਰਾ ਘਟ ਜਾਵਗੀ, ਤੇ ਹਵਾ ਦੇ ਗੁਣ ਤੇ ਉਸ ਦੀ ਸ਼ੁੱਧਤਾ—ਦੋਹਾਂ ਵਿਚ ਹਾਨੀ ਆ ਜਾਵੇਗੀ। ਧੂਪ ਦਾ ਧੂੰਆਂ ਕਿਤਨਾ ਵੀ ਚੰਗਾ ਮੰਨ ਲਿਆ ਜਾਵੇ, ਸਾਹ ਲੈਣ ਵਾਸਤੇ ਕੁਦਰਤੀ ਸ਼ੁੱਧ ਹਵਾ ਦਾ ਮੁਕਾਬਲਾ ਨਹੀਂ ਕਰ ਸਕਦਾ।

ਬਾਕੀ ਰਹੀ ਸੁਗੰਧਤਾ ਦੀ ਗਲ। ਇਸ ਵਿਚ ਕੋਈ ਸ਼ਕ ਨਹੀਂ ਕਿ ਧੂਪ ਜਦੋਂ ਸ਼ੁਧ ਰੂਪ ਵਿਚ ਹੋਵੇ, ਜਿਵ ਕਿ ਪੁਰਾਤਨ ਸਮੇਂ ਵਿਚ ਲਭਦੀ ਸੀ ਇਕ ਕਿਸਮ ਦੀ ਸੁਗੰਧੀ ਦੇਂਦੀ ਹੈ, ਪ੍ਰੰਤੂ ਅਜ ਕਲ ਦੇ ਸਮੇਂ ਜਦੋਂ ਕੋਈ ਭੀ ਚੀਜ਼ ਸ਼ੁਧ ਰੂਪ ਵਿਚ ਨਹੀਂ ਲੱਭਦੀ, ਧੂਪ ਦੀ ਅਸਲ ਰੂਪ ਦੀ ਸੁਗੰਧੀ ਮਿਲਣੀ ਅਸੰਭਵ ਨਹੀਂ ਤਾਂ ਔਖੀ ਜ਼ਰੂਰ ਹੈ ਤੇ ਇਸ ਦੇ ਸਿੱਟੇ ਵਜੋਂ ਜੋ ਖਿੜਾਉ ਲੋੜੀਂਦਾ ਸੀ, ਉਹ ਨਹੀਂ ਮਿਲਦਾ।

ਜ ਸ਼ੁਧ ਧੂਪ ਲੱਭ ਭੀ ਪਵੇ ਤਾਂ ਫਿਰ ਇਹ ਜ਼ਰੂਰੀ ਕਿਉਂ ਹੈ ਕਿ ਸਿਰਫ਼ ਇਹੋ ਇਕ ਕਿਸਮ ਦੀ ਸੁਗੰਧੀ ਹੀ ਵਰਤੀ ਜਾਵੇ ਜਦ ਕਿ ਨਾਨਾ ਪ੍ਰਕਾਰ ਦੀਆਂ ਦੇਸੀ ਤੇ ਬਦੇਸ਼ੀ ਖੁਸ਼ਬੂਆਂ, ਸੁਗੰਧੀਆਂ ਤੇ ਵਾਸ਼ਨਾਵਾਂ ਪ੍ਰਾਪਤ ਹਨ ਤੇ ਜਿਨ੍ਹਾਂ ਦੀ ਵਰਤੋਂ ਸੁਖਾਲੀ ਤੇ ਨਿਰਮਲ ਹੈ—ਨਾ ਅੱਗ ਬਾਲਣੀ ਪੈਂਦੀ ਹੈ ਨਾ ਸੁਆਹ ਇਕੱਠੀ ਹੁੰਦੀ ਹੈ, ਨਾ ਧੂਆਂ ਨੱਕ ਨੂੰ ਜਾਂ ਸੰਘ ਨੂੰ ਚੜ੍ਹਦਾ ਹੈ ਆਦਿ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਸਤਰ ਹਰ ਰੋਜ਼ ਤੇ ਹਰ ਥਾਂ ਵਖੋ ਵੱਖ ਹੁੰਦੇ ਹਨ, ਇਸ ਤਰ੍ਹਾਂ ਸੁਗੰਧੀ ਵੀ ਵਖੋ ਵੱਖ ਹੋਣੀ ਚਾਹੀਦੀ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿਚ ਤੇ ਹੋਰ ਵਡੇ ਗੁਰਦਵਾਰਿਆਂ ਵਿਚ ਧੂਪ ਦੀ ਵਰਤੋਂ* ਬਿਲਕੁਲ ਨਹੀਂ ਤੇ ਕਈ ਥਾਂਈ Scent (ਇਤਰ) ਫੁਲੇਲ ਆਦਿ ਦੀ ਵਰਤੋਂ ਨਾਲ ਇਸ ਤਰ੍ਹਾਂ ਦੀ ਮਹਿਕ ਖਿੜਾਈ ਜਾਂਦੀ ਹੈ ਜੋ ਭਗਤੀ ਵਿਚ ਰੁਕਾਵਟ ਵੀ ਨਾ ਪਾਵੇ ਤੇ ਸੁਗੰਧੀ ਵੀ ਬਖਸ਼ੇ।

ਗੁਰਸਿੱਖਾਂ ਵਿਚ ਧੂਪ ਦਾ ਧੁਖਾਉਣਾ ਕਦੋਂ ਤੇ ਕਿਉਂ ਚੱਲ ਪਿਆ ? ਖੋਜ ਵਾਲੀ ਗਲ ਹੈ।

*ਸਿਖ ਰਹਿਤ ਮਾਂਰਿਯਾਦਾ ਪ੍ਰਕਾਸ਼ਕ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਧੂਪ ਬਾਰੇ ਇਸ ਤਰਾਂ ਲਿਖਿਆ ਹੈ :— '......ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ......... ਆਦਿ ਕਰਮ ਗੁਰਮਤ ਅਨੁਸਾਰ ਨਹੀਂ।''


www.AKJ.Org

ਤੀਤ ਹੁੰਦਾ ਹੈ ਕਿ ਜਦੋਂ ਗੁਰਦਵਾਰਿਆਂ ਦਾ ਬੰਧ ਮਹੰਤਾਂ ਦੇ ਹੱਥ ਆ ਗਿਆ ਸੀ ਤੇ ਜਦੋਂ ਰਦਵਾਰਾ ਪ੍ਰਬੰਧ ਵਿਚ ਹੋਰ ਕਈ ਮਨਮਤਾਂ ਲੀਆਂ, ਉਸੇ ਵੇਲੇ ਕਿਤੇ ਧੂਪ ਦੀ ਵਰਤੋਂ ਭੀ ਲੀ। ਅਜ ਕਲ ਦੀ ਧੂਪ ਨੇ ਤਾਂ ਕਈਆਂ ਦੇ ਲੇ ਖਰਾਬ ਕੀਤੇ ਹਨ ਤੇ ਪਾਠ ਜਾਂ ਕੀਰਤਨ ਰਦਿਆਂ ਸੇਵਕਾਂ ਦੀ ਖਾਂਸੀ ਦਾ ਕਾਰਣ ਬਣੀ । ਇਸਨੂੰ ਪੂਜਾ ਜਾਂ ਪ੍ਰਸੰਤਸ਼ ਦਾ ਅੰਗ ਬਣਾਉਣਾ ਰੇ ਖ਼ਿਆਲ ਵਿਚ ਦਰੁਸਤ ਨਹੀਂ। ਗੁਰਬਾਣੀ ਵਚ ਇਸ ਬਾਰੇ ਇਸ ਤਰ੍ਹਾਂ ਹੁਕਮ ਆਇਆ ਹੈ:—

(੧) ਧੂਪ ਦੀਪ ਸੇਵਾ ਗੋਪਾਲ ॥
ਅਨਿਕ ਬਾਰ ਬੰਧਨ ਕਰਤਾਰ ॥
[ਗੋਂਡ ਮ: ੫-੧੪

ਭਾਵ ਇਹ ਕਿ ਧੂਪ ਦੀਪ ਪੂਜਾ ਆਦਿ ਪਾਲ਼ ਦੀ ਮੇਰੀ ਇਹੋ ਹੈ ਕਿ ਮੈਂ ਕਰਤਾਰ ਨੂੰ ਾਰ ਬਾਰ ਨਮਸਕਾਰ ਕਰਦਾ ਹਾਂ।

(੨) ਧੂਪ ਦੀਪ ਘ੍ਰਿਤ ਸਾਜਿ ਆਰਤੀ ॥
ਵਾਰਨੇ ਜਾਉ ਕਮਲਾ ਪਤੀ ॥
[ਧਨਾਸਰੀ ਸ੍ਰੀ ਸੈਣ ਜੀ

ਭਾਵ ਮੈਂ ਕਮਲਾ ਪਤੀ (ਵਾਹਿਗੁਰੂ) ਜੀ ਤੋਂ ਰਬਾਣ ਜਾਂਦਾ ਹਾਂ, ਇਹੋ ਹੀ ਮੇਰੀ ਧੂਪ ਤੇ ਘਿਉ ੀ ਬਣਾ ਕੇ ਕੀਤੀ ਆਰਤੀ ਹੈ—ਅਸਲ ਆਰਤੀ ਧ ਦੀਪ ਨਾਲ ਨਹੀਂ ਹੁੰਦੀ, ਦਿਲ ਦੇ ਪਿਆਰ ਾਲ ਹੁੰਦੀ ਹੈ।

(੩) ਧੂਪ ਦੀਪ ਕਰਤੇ ਹਰਿਨਾਮ ਤੁਲ ਨ ਲਾਗੇ।
[ਸਾਰੰਗ ਮ: ੫-੧੩੧

ਸੋ ਧੂਪ ਦੀ ਵਰਤੋਂ ਨੂੰ ਗੁਰਮਤਿ ਵਿਰੁਧ ਮਝ ਕੇ ਇਸ ਕਰਮ ਤੋਂ ਪ੍ਰਹੇਜ਼ ਰਖਣਾ ਾਹੀਦਾ ਹੈ।

## ੰਮ੍ਰਿਤ ਵੇਲੇ ਦਾ ਨਿਤਨੇਮ ਤੇ ਕੀਰਤਨ

ਦੇਖਣ ਵਿਚ ਆਇਆ ਹੈ ਕਿ ਕਈ ਇਕ ਜਿਣ ਆਪਣਾ ਨਿਤਨੇਮ ਗੁਰਦੁਆਰੇ ਵਿਚ ਬੈਠ ਕੇ ਰਦੇ ਹਨ। ਉਹਨਾਂ ਦਾ ਖਿਆਲ ਸ਼ੁਭ ਹੈ ਕਿ ਆਪਣਾ ਨਿਤਨੇਮ ਗੁਰਦੁਆਰੇ ਪਵਿਤ੍ਰ ਦੇ ਵਾਤਾਵਰਨ ਵਿਚ ਕੀਤਾ ਜਾਵੇ। ਇਸ ਵਿਚ ਕੋਈ ਹਰਜ ਭੀ ਨਹੀਂ, ਜੇ ਕਿਸੇ ਨਿਵੇਕਲੀ ਥਾਂ ਅਜਿਹਾ ਕੀਤਾ ਜਾਵੇ, ਪਰ ਗਲ ਕੁਝ ਹੋਰ ਬਣ ਜਾਂਦੀ ਹੈ ਜਦ ਕਿ ਲਾਊਡ ਸਪੀਕਰ ਦੀ ਉੱਚੀ ਅਵਾਜ਼ ਵਿਚ ਕੀਰਤਨ ਚਲ ਰਿਹਾ ਹੈ ਤੇ ਉਥੇ ਬੈਠ ਕੇ ਨਿਤਨੇਮ ਦਾ ਪਾਠ ਕਰਨ ਵਾਸਤੇ ਉਚੀ ਉਚੀ ਪਾਠ ਕਰਨਾ ਪੈਂਦਾ ਹੈ ਤਾਂ ਜ ਆਪਣੇ ਪਾਠ ਨੂੰ ਸਮਝਣ ਲਈ, ਲਾਊਡ ਸਪੀਕਰ ਦੀ ਅਵਾਜ਼ ਦਬ ਜਾਵੇ। ਜਾਂ ਬਗੈਰ ਸਮਝ ਤੋਂ ਪਾਠ ਹੋਈ ਜਾਂਦਾ ਹੈ। ਨਾ ਤਾਂ ਲਾਊਡ ਸਪੀਕਰ ਦੀ ਅਵਾਜ਼ ਪੱਲੇ ਪੈਂਦੀ ਹੈ ਤੇ ਨਾ ਆਪਣੇ ਪਾਠ ਦੀ। ਇਨ੍ਹਾਂ ਦੋਹਾਂ ਹਾਲਤਾਂ ਵਿਚ ਪਾਠ ਕਰਨ ਦਾ ਕਿਤਨਾ ਕੁ ਲਾਭ ਹੈ, ਸ਼ੰਕਾ ਭਰਪੂਰ ਗਲ ਹੈ। ਜੇ ਤਾਂ ਆਤਮਕ ਅਵਸਥਾ ਇਤਨੀ ਕੁ ਉੱਚੀ ਹੋ ਚੁਕੀ ਹੈ ਕਿ ਲਾਊਡ ਸਪੀਕਰ ਦੀ ਆਵਾਜ਼ ਹੋਵੇ ਜਾਂ ਨਾ, ਉਸ ਪਾਠ ਕਰਨ ਵਾਲੇ ਦੀ ਇਕਾਗ੍ਰਤਾ ਵਿਚ ਕੋਈ ਫ਼ਰਕ ਨਹੀਂ ਪੈਂਦਾ ਤਦ ਤਾਂ ਬਿਲਕੁਲ ਠੀਕ ਹੈ ਤੇ ਕੋਈ ਹਰਜ ਨਹੀਂ, ਪਰ ਸਾਧਾਰਨ ਜਗਿਆਸੂ ਉਸ ਪੱਧਰ ਤੋਂ ਅਜ ਬਹੁਤ ਹੀ ਦੂਰ ਜਾਪਦਾ ਹੈ ਤੇ ਉਸ ਲਈ ਜੇ ਪਾਠ ਕਰਨ ਵਾਸਤੇ ਇਕਾਂਤ ਵਾਲੀ ਨਿਵੇਕਲੀ ਥਾਂ ਨਹੀਂ, ਤਦ ਇਸ ਪਾਠ ਦਾ ਉਤਨਾ ਲਾਭ ਨਹੀਂ ਜੋ ਕਿ ਲਿਆ ਜਾ ਸਕਦਾ ਹੈ। ਅਸਲੀ ਗਲ ਇਹ ਹੈ ਕਿ ਗੁਰਦੁਆਰੇ ਵਿਚ ਲਗਾ ਹੋਇਆ ਦਰਬਾਰ ਹੈ ਸਤਿਗੁਰ ਜੀ ਦਾ, ਤੇ ਸਿੱਖ ਦਾ ਫਰਜ਼ ਹੈ ਦਰਬਾਰ ਵਿਚ ਹਾਜ਼ਰ ਹੋ ਕੇ ਸਰੋਤਾ ਬਣ ਕੇ ਸ੍ਰਵਣ ਕਰੇ, ਜੋ ਕੁਝ ਸਤਿਗੁਰੂ ਜੀ ਦੇ ਦਰਬਾਰ ਵਿਚ, ਉਸ ਵਕਤ ਦੇ ਪਰੋਗਰਾਮ ਹੋ ਰਿਹਾ ਹੈ। ਜੇ ਸਭ ਕੁਝ ਵਿਚਾਰੋ ਤਾਂ ਯੋਗ ਗਲ ਇਹੋ ਪ੍ਰਤੀਤ ਹੁੰਦੀ ਹੈ। ਨਿਤਨੇਮ ਘਰ ਕਰੋ ਤਾਂ, ਜਾਂ ਨਿਵੇਕਲੀ ਥਾਂ ਜਾਂ ਵੱਖਰੀ ਥਾਂ, ਗੁਰਦੁਆਰੇ ਵਿਚ ਕਰੋ ਤਾਂ, ਜਿਥੇ ਭੀ ਕਰੋ ਇਸ ਤਰ੍ਹਾਂ ਕਰੋ ਕਿ ਤੁਹਾਡੇ ਕੰਨ ਤੁਹਾਡੀ ਅਪਣੀ ਹੀ ਆਵਾਜ਼ ਸੁਨਣ। ਗੁਰਦੁਆਰੇ ਵਿਚ ਸਤਿਗੁਰਾਂ ਦੀ ਹਾਜ਼ਰੀ ਭਰੋ ਤੇ ਉਨ੍ਹਾਂ ਦੇ ਪਰੋਗਰਾਮ ਵਿਚ ਸ਼ਾਮਲ ਹੋਵੋ। ਇਕੋ


www.AKJ.Org

ਸਮੇਂ ਦੋ ਲਾਹੇ ਪ੍ਰਾਪਤ ਕਰਨ ਦੇ ਜਤਨ ਵਿਚ ਦੋਹਾਂ ਨੂੰ ਹਥੋਂ ਨਾ ਗਵਾਓ, ਘਟੋ ਘਟ ਇਕ ਤਾਂ ਪੱਲੇ ਰਖੋ।

# ਅੰਮ੍ਰਿਤ ਵੇਲਾ ਤੇ ਹੋਰ ਫੁਟਕਲ ਗੱਲਾਂ

## ਉਦਰ ਪੂਰਨਾ

ਚੋਥੇ ਪਹਿਰ ਦਾ ਹਰ ਮਿੰਟ ਤੇ ਸਕਿੰਟ ਜੋ ਬੜੇ ਕੀਮਤੀ ਹਨ, ਗੁਰੂ ਲੇਖੇ ਹੀ ਲੱਗਣ ਤਾਂ ਠੀਕ ਹੈ। ਖਾਣ ਪੀਣ ਦਾ ਪਰੋਗਰਾਮ, ਅੰਮ੍ਰਿਤ ਵਲ ਦੀ ਅਰਾਧਨਾ ਕਰਨ ਪਿਛੋਂ ਹੋਣਾ ਚਾਹੀਦਾ ਹੈ ਖਾ ਕੇ ਤਬੀਅਤ ਸੁਸਤ ਤੇ ਨਿੰਦ੍ਰਾਵਲੀ ਹੋ ਜਾਂਦੀ ਹੈ। ਇਕ ਗੁਤਾ ਲਈ ਸੁਰਤ ਦਾ ਪੂਰਤਾਣ ਨਹੀਂ ਲਗ ਸਕਦਾ। ਹਾਂ ਜੇ ਕਿਸ ਦੀ ਸੇਹਤ ਇਸ ਪ੍ਰਕਾਰ ਦੀ ਹੈ ਕਿ ਇਹ ਕੁਝ ਔਖਾ ਹੈ ਤਾਂ ਵੱਖਰੀ ਗੱਲ ਹੈ, ਜ਼ੋਰ ਤੇ ਜਬਰ ਸਿਖੀ ਵਿਚ ਪ੍ਰਵਾਨ ਨਹੀਂ ਹਨ।

## ਘਰ ਤੋਂ ਗੁਰਦੁਆਰੇ ਤੱਕ

ਕਈ ਯਾਤਰੂਆਂ ਨੇ ਇਹ ਸੁਭਾਉ ਬਣਾਇਆ ਹੈ ਕਿ ਗੁਰਦੁਆਰੇ ਨੰਗੇ ਪੈਰ ਜਾਣਾ ਹੈ। ਬੜੇ ਅਮੀਰ ਘਰ ਦੇ ਬੰਦੇ ਰੇਸ਼ਮ ਪਾਈ ਨੰਗੇ ਪੈਰ ਜਾਂਦੇ ਦੇਖੇ ਹਨ। ਇਹ ਆਪੋ ਆਪਣੀ ਸ਼ਰਧਾ ਤੇ ਪ੍ਰੇਮ ਹੈ। ਪਰ ਕਈ ਵਿਚ ਵਿਚ ਐਸੇ ਪ੍ਰਾਣੀ ਜੋ ਸਾਰਾ ਰਾਹ ਘਰ ਤੋਂ ਗੁਰਦੁਆਰੇ ਤੱਕ ਗਲਾਂ ਕਰਦੇ ਹਨ। ਘਰ ਬਾਹਰ ਦ ਮਾਮਲੇ ਤੇ ਸਾਰੀ ਦੁਨੀਆਂ ਦੀ ਸਿਆਸਤ ਉਸ ਵੇਲੇ ਵਿਚਾਰ ਦੇ ਦਾਇਰੇ ਵਿਚ ਆ ਜਾਂਦੀ ਹੈ। ਇਹ ਠੀਕ ਨਹੀਂ। ਉਹ ਸਮਾਂ ਲਾਹਾ ਖੱਟਣ ਵਾਸਤੇ ਹੈ। ਮਨ ਵਿਚ ਤੇ ਮੁਖ ਵਿਚ ਨਾਮ ਜਾਂ ਬਾਣੀ ਚਾਹੀਦੀ ਹੈ। ਤਬੀਅਤ ਦਾ ਘੋੜਾ ਦੁਨੀਆਂ ਵਲੋਂ ਮੋੜਕੇ ਹਰੀ ਚਰਨਾਂ ਵਿਚ ਜੋੜਕੇ ਆਪਣੇ ਮਨ ਨੂੰ (Condition) (ਸੇਧ ਵਿਚ) ਕਰਨਾ (ਇਕਸਾਰਤਾ ਵਿਚ ਲਿਆਉਣਾ) ਚਾਹੀਦਾ ਹੈ, ਉਸ ਪਰਵਾਜ਼ (ਉਡਾਰੀ) ਦੀ ਰੌ ਵਿਚ, ਜਿਸ ਵਿਚ ਜਾ ਕੇ ਜੁੜਨਾ ਹੈ, ਭਾਵ ਗੁਰਦੁਆਰੇ ਕੀਰਤਨ ਦੇ ਚਲਦੇ ਪ੍ਰਵਾਹ ਵਿਚ ਮਨ ਦਾ ਖਿੰਡਨਾ ਤੇ ਜੁੜਨਾ ਨਹੀਂ ਵਰਤੋਂ ਵਿਚ ਆਉਂਦਾ, ਕਿਸੇ ਬਿਜਲੀ ਦੇ (Switch)ਸਵਿੱਚ ਦੀ ਵਰਤੋਂ ਨਾਲ। ਇਹ ਸਹਿਜ ਦੀ ਖੇਡ ਹੈ। ਮਨ ਨੂੰ ਬਾਣੀ ਪੜ੍ਹ ਕ ਬਾਣੀ ਦੇ ਭਾਵ ਵਿਚ ਜੋੜਨਾ ਹੈ। ਬਾਣੀ ਪੜ੍ਹਨ ਵਿਚ ਰਸਨਾ ਬੋਲੇਗੀ, ਦਿਮਾਗ ਰਾਗ ਜਾਂ ਲਯ ਲਿਆਵੇਗਾ, ਕੰਨ ਸੁਨਣਗੇ, ਅੰਦਰਲਾ ਸੰਕਲਪ ਵਿਕਲਪ ਨਾਲ ਲੜੇਗਾ,ਚਰਨਾਂ ਦੀ ਸੇਧ ਗੁਰਦੁਆਰੇ ਵਲ ਬੱਝੇਗੀ, ਉਸੇ ਤਰ੍ਹਾਂ ਸੁਰਤ ਦੀ ਸੇਧ ਗੁਰਧਾਮ ਨਾਲ ਬੱਝੇਗੀ, ਸਾਰਾ ਸਰੀਰ ਇਕ ਸੂਰ ਹੋਇਆ ਤੁਰ ਜਾਂ ਰਿਹਾ ਹੋਵੇਗਾ।

ਮਨ ਅਸਵਾਰ ਪਵਣ ਕਾ ਘੋੜਾ,
ਅਸਾਂ ਗਗਨ ਤਮਾਸ਼ੇ ਜਾਣਾ।
ਗਗਨ ਅੰਦਰ ਇਕ ਬਾਗ ਅਜਾਇਬ,
ਚੁਣ ਅੰਮ੍ਰਿਤ ਫਲ ਖ਼ਾਣਾ।
ਮਿੱਠਾ ਬੋਲਣ ਤੇ ਨਾਮ ਅਰਾਧਣ,
ਸੀਤਲ ਪਵਣ ਫ਼ੁਹਾਰਾ।
ਮਨਦੀਆਂ ਵਾਗਾਂ ਹੱਥ ਬਿਹਾਰੀ,
ਤਿੰਨ੍ਹ ਕੌਣ ਮਿਲੇ ਅਸਵਾਰਾ॥
[ਸ੍ਰੀ ਕਲਗੀਧਰ ਚਮਤਕਾਰ

## ਗੁਰਦੁਆਰੇ ਵਿਚ

ਕਈ ਪ੍ਰੇਮੀ ਆਪਣਾ ਨਿਤ ਨੇਮ ਜਾਂ ਪਾਠ ਉਚੀ ਅਵਾਜ਼ ਵਿਚ ਤਦ ਤਕ ਕਰੀ ਜਾਂਦੇ ਹਨ ਜਦ ਤਕ ਕਿ ਉਹ ਉਸ ਬਾਣੀ ਦਾ ਭੋਗ ਨਾ ਪਾ ਲੈਣ ਜਾਂ ਘਟੋ ਘਟ ਆਪਣੀ ਥਾਂ ਸਿਰ ਪੁਜ ਕੇ ਬਹਿ ਨਾ ਜਾਣ। ਗੁਰਦੁਆਰੇ ਦੇ ਕੀਰਤਨ ਦੀ ਅਵਾਜ਼ ਵਿਚ ਉਨ੍ਹਾਂ ਨੂੰ ਆਪਣੇ ਪਾਠ ਦਾ ਰਸ ਕਿਤਨਾ ਕੁ ਆਉਂਦਾ ਹੈ, ਇਹ ਤਾਂ ਉਨ੍ਹਾਂ ਦੀ ਅਵਸਥਾ ਦੱਸ ਸਕਦੀ ਹੈ, ਪਰ ਬਾਹਰੋਂ ਦੇਖ਼ਣ ਵਿਚ ਉਨ੍ਹਾਂ ਦਾ ਕਰਮ-ਧਰਮ ਜ਼ਰੂਰ ਪੂਰਾ ਹੁੰਦਾ ਹੈ, ਤੇ ਗੁਰਦੁਆਰੇ ਦੇ ਰਾਗ ਨਾਦ, ਅੰਮ੍ਰਿਤ ਮਈ ਵਾਯੂ ਮੰਡਲ ਵਿਚ ਥੋੜੀ ਜਾਂ ਬਹੁਤ ਖਲਬਲੀ ਲਿਆਉਣ ਦਾ ਕਾਰਨ ਉਹ ਜ਼ਰੂਰ ਬਣਦੇ ਹਨ। ਜੋ ਪ੍ਰਾਣੀ ਇਕਾਗਰਤਾ ਵਿਚ ਬੈਠੇ ਹਨ, ਉਨ੍ਹਾਂ ਦੇ


www.AKJ.Org

ਜੁੜੇ ਜੋੜ ਵਿਚ ਤ੍ਰੇੜ ਪਾਉਣ ਦਾ ਕਾਰਨ ਬਣਦੇ ਹਨ। ਗੁਰਦੁਆਰੇ ਵਿਚੋਂ ਜਿਸ ਵੇਲੇ ਕੀਰਤਨ ਦੀ ਅਵਾਜ਼ ਕੰਨਾਂ ਵਿਚ ਪੈਣੀ ਸ਼ੁਰੂ ਹੋ ਜਾਏ ਉਸ ਵੇਲੇ ਮਨ ਦੇ ਰੇਡੀਓ ਨੂੰ ਉਸ ਅਕਾਸ਼ ਬਾਣੀ ਨਾਲ (Tune) (ਸੁਰ) ਕਰ ਦੇਣਾ ਚਾਹੀਦਾ ਹੈ ਤੇ ਚੁਪ ਚਾਪ ਸਹਿਜੇ, ੨ ਬਿਨਾਂ ਕਿਸੇ ਪ੍ਰੇਮੀ ਨੂੰ ਹਲੂਣੇ ਜਾਂ ਹਿਲਾਏ ਦੇ ਕਿਸੇ ਖਾਲੀ ਥਾਂ ਬੈਠ ਜਾਣਾ ਚਾਹੀਦਾ ਹੈ ਤੇ ਜਿਥੋਂ ਤਕ ਹੋ ਸਕੇ ਆਪਣੀਆਂ ਅੰਦਰਲੀਆਂ ਤੇ ਬਾਹਰਲੀਆਂ ਅੱਖਾਂ, ਦੋਹਾਂ ਨੂੰ ਮੁੰਦ ਕੇ, ਆਪਣੇ ਆਪ ਨੂੰ ਗੁਰੂ ਹਜ਼ੂਰੀ ਵਿਚ ਸਮਝ ਤੇ ਮੰਨ ਕੇ, ਕੀਰਤਨ ਸ੍ਰਵਣ ਕਰਨਾ ਚਾਹੀਦਾ ਹੈ। ਜਿਨ੍ਹਾਂ ਪ੍ਰਾਣੀਆਂਦੀ ਅੰਮ੍ਰਿਤ ਵੇਲੇ ਦੀ ਯਾਤਰਾ ਦਾ ਅਜੇ ਆਰੰਭ ਹੈ ਉਨ੍ਹਾਂ ਦੀ ਇਛਿਆ ਏਹੋ ਹੁੰਦੀ ਹੈ ਕਿ ਉਹ ਕੀਰਤਨੀਏ ਦੇ ਮੂੰਹ ਵਲ ਤੱਕਦੇ ਰਹਿਣ। ਇਸ ਤਰਾਂ ਗਾਇਣ ਕੀਤੇ ਸ਼ਬਦ ਦੀ ਸਮਝ ਵਧੇਰੇ ਆਉਂਦੀ ਹੈ, ਪਰੰਤੂ ਆਦਰਸ਼ ਇਹ ਨਹੀਂ। ਪਰਚਾ ਸ਼ਬਦ ਦਾ ਹੈ,ਇਥ ਅੱਖਾਂ ਦਾ ਕੰਮ ਨਹੀਂ,ਨੈਣ ਮੁੰਦੇ ਹੀ ਸੋਹਣੇ ਲਗਣਗੇ। ਜਿਸ ਵੇਲੇ ਪ੍ਰੇਮ ਦੀ ਲਹਿਰ ਆਵੇਗੀ, ਤੱਕਣਾ ਆਪੋ ਬੰਦ ਹੋ ਜਾਵੇਗਾ ਜਿਵੇਂ ਕੀਰਤਨ ਦ ਆਸ਼ਕਾਂ ਨੂੰ ਨੈਣ ਮੁੰਦਣੇ ਚਾਹੀਦੇ ਹਨ ਤਿਵੇਂ ਹੀ ਕੀਰਤਨੀਏ ਸਿੰਘਾਂ ਨੂੰ। ਕਈ ਵੇਰੀ ਉਨ੍ਹਾਂ ਦਾ ਆਏ ਗਏ ਵਲ ਤਕਣਾ ਜਾਂ ਬੈਠੀ ਸੰਗਤ ਵਿਚੋਂ ਤੱਕਣਾ ਪਈ ਕੋਈ ਦਾਦ (ਵਾਹ ਵਾਹ) ਦੇਵੇ, ਗੁਰਮਤ ਰਹੁਰੀਤ ਅਨੁਸਾਰ ਨਹੀਂ। ਕੀਰਤਨੀਏ ਸਿੰਘਾਂ ਦੀ ਤੱਕਣੀ ਗੁਰੂ ਚਰਨਾਂ ਵਿਚ ਹੀ ਚਾਹੀਦੀ ਹੈ। ਕੀਰਤਨ ਦਾ ਰਸ ਲੋਕਾਂ ਦੀ ਵਾਹ ੨ ਨਾਲ ਨਹੀਂ ਬੱਝਣਾ। ਕੀਰਤਨ ਦਾ ਰਸ ਜੋ ਬੱਝਦਾ ਹੈ ਤਾਂ ਕੀਰਤਨੀਏ ਦੇ ਆਪਣ ਪ੍ਰੇਮ ਰਸ ਨਾਲ ਜੋ ਉਸ ਬਾਣੀ ਵਿਚ ਪ੍ਰੀਤੀ ਲਾ ਕੇ, ਗੁਰਚਰਨਾਂ ਵਿਚ ਸੁਰਤ ਜੋੜ ਕੇ ਬਣਾਇਆ ਹੋਇਆ ਹੈ। ਇਹ ਇਕ ਦਿਨ ਦੀ ਖੇਡ ਨਹੀਂ ਕਿਉਂਕਿ ਪ੍ਰੇਮ ਦਾ ਬ੍ਰਿਛ ਤਦ ਹੀ ਪਰਵਰਸ਼ ਪਾਉਂਦਾ ਹੈ ਜੇ ਨਿਤਾਪ੍ਰਤੀ ਇਸ ਦੀ ਸੇਵਾ ਕਰੀਏ। ਉਦਮ ਆਪਣਾ ਹੈ ਫਲਦਾਤਾ ਹਰ ਹਾਲਤ ਵਿਚ ਵਾਹਿਗੁਰੂ ਜੀ ਆਪ ਹਨ।

ਕਈ ਪਰੇਮੀ ਕੀਰਤਨ ਸੁਣਦਿਆਂ ਪਰੇਮ ਵਿਚ ਆ ਕੇ ਆਪ ਬਾਣੀ ਪੜ੍ਹਨ ਜਾਂ ਗਾਵਣ ਲੱਗ ਜਾਂਦੇ ਹਨ। ਜਿਤਨਾ ਕੁ ਮੈਂ ਗੁਣੀ ਗਿਆਨੀਆਂ ਤੇ ਸੰਤਾਂ ਮਹੰਤਾਂ ਨਾਲ ਪੁੱਛ ਗਿੱਛ ਕੀਤੀ ਹੈ, ਸਭਨਾਂ ਦੀ ਰਾਏ ਇਹ ਹੈ ਕਿ ਕੀਰਤਨ ਚੁਪ ਹੋ ਕੇ ਹੀ ਸ੍ਰਵਣ ਕਰਨਾ ਚਾਹੀਦਾ ਹੈ, ਆਪ ਨਹੀਂ ਗਾਇਨ ਕਰਨਾ ਚਾਹੀਦਾ। ਹਾਂ ਗਾਇਣ ਕਰਨ ਦਾ ਕੋਈ ਹਰਜ ਨਹੀਂ ਸਗੋਂ ਪੁੰਨ ਹੈ ਜੇਕੀਰਤਨੀਏ ਸਿੰਘਾਂ ਨਾਲ ਬਹਿ ਕੇ ਤੇ ਉਨ੍ਹਾਂ ਨਾਲ ਮਿਲ ਕੇ ਕੀਰਤਨ ਕੀਤਾ ਜਾਵੇ। ਉਸ ਹਾਲਤ ਵਿਚ ਜੇ ਸਾਰੀ ਸੰਗਤ ਭੀ ਕੀਰਤਨ ਕਰੇ ਤਾਂ ਬਹੁਤਅੱਛਾ ਹੈ। ਹੁਕਮ ਹੈ "ਭਲੋ ਭਲੋ ਰੇ ਕੀਰਤਨੀਆ।" ਪਰੰਤੂ ਇਕੜ ਦੁਕੜ ਬੋਲਣਾ,ਅੱਧੀ ਤੁਕ ਬੋਲਣੀ,ਤੇਬਾਕੀ ਸਰੋਤਿਆਂ ਦੇ ਰਸ ਨੂੰ ਕਈ ਵੇਰ ਕੁ ਰਸ ਨ ਬੋਲਣੀ ਕਰਦਿੰਦੀ ਹੈ। ਸੁਰਤ ਸ਼ਬਦ ਨਾਲ ਜੁੜ ਜਾਂਦੀ ਹੈ। ਸ਼ਬਦ ਅਵਾਜ਼ ਹੈ, ਅਵਾਜ਼ ਕਿਸੇ ਸੁਰ ਵਿਚ ਕਿਸੇ ਇਕ ਥਾਉਂ ਤੋਂ ਇਕ ਵਗ ਵਿਚ ਤੁਰੀ ਆ ਰਹੀ ਹੈ ਤੇ ਸ਼ਰੋਤੇ ਦੇ ਕੰਨਾਂ ਰਾਹੀਂ ਅੰਦਰ ਜਾ ਰਹੀ ਹੈ ਜਿਵੇਂ ਕੋਈ Tube (ਨਲਕੀ/ਨਾਲੀ) ਲੱਗੀ ਹੋਈ ਹੈ ਤੇ ਉਸ ਰਾਹੀਂ ਪਾਣੀ ਦੀ ਰੌ ਅਟੁੱਟ ਚਲੀ ਆ ਰਹੀ ਹੈ। ਇਕ ਦਮ ਕਿਸੇ ਸਰੋਤੇ ਦੇ ਗਾਇਣ ਕਰਨ ਤੇ ਸ਼ਬਦ ਦੀ ਸੁਰ ਭੀ ਬਦਲ ਗਈ, ਆਵਾਜ਼ ਦਾ ਰੁਖ ਭੀ ਬਦਲ ਗਿਆ (ਮਤਲਬ ਜੇ ਪਹਿਲਾਂ ਸਾਹਮਣੇ ਪਾਸਿਓਂ ਅਵਾਜ਼ ਆ ਰਹੀ ਸੀ ਤਾਂ ਹੁਣ ਖੱਬੇ ਜਾਂ ਸੱਜੇ ਜਾਂ ਪਿਛਲੇ ਪਾਸਿਓਂ ਆ ਗਈ) ਇਸਤਰ੍ਹਾਂ ਸੁਰਤ ਦਾ ਜੋੜ ਜਿਸ ਆਵਾਜ਼ ਕੇਂਦਰ ਨਾਲ ਸੀ ਉਸ ਦਾ ਕਾਂਟਾ ਇਕ ਦਮ ਬਦਲ ਗਿਆ ਤੇ ਇਕਾਗਰਤਾ ਵਿਚ ਖਲਲ ਮਚ ਗਿਆ। ਗਾਉਣ ਵਾਲੇ ਪ੍ਰੇਮੀ ਨੇ ਆਪਣੇ ਵਲੋਂ ਤਾਂ ਆਪਣਾ ਸੁਆਦ ਲਇਆ ਪਰ ਬਾਕੀਆਂ ਦੀ ਲਿਵ ਜੇ ਤਰੋੜ ਨਹੀਂ ਦਿੱਤੀ ਮਰੋੜ ਜ਼ਰੂਰ ਦਿੱਤੀ। ਇਹ ਪੁੰਨ ਨਹੀਂ ਖੱਟਿਆ। ਸੋ ਇਹ ਸਭ ਤੋਂ ਉੱਤਮ Dscipline(ਅਨੁਸ਼ਾਸਨ) ਪ੍ਰਤੀਤ ਹੁੰਦਾ ਹੈ ਕਿ ਸਰੋਤੇ ਬਣ ਕੇ ਰਸ ਲਓ ਤੇ ਹੋਰਨਾਂ ਨੂੰ ਲੈਣ ਦੇਵੋ, ਪਰ ਜੇ ਇਹ ਆਦਤ ਦੀ ਮਜਬੂਰੀ ਹੈ ਕਿ*

www.AKJ.Org

# ਸਤਿਗੁਰੂ ਸਦਾ ਨਿਰਵੈਰ ਹੈ

( ਭਾਈ ਗੁਰਚਰਨ ਸਿੰਘ ਜੀ ਐਮ. ਏ. )

ਜਗਤ ਗੁਰੂ, ਗੁਰੂ ਨਾਨਕ ਦੀ ਸਿਖੀ ਦੀ ਫੁਲਵਾੜੀ ਭਰ ਜੋਬਨ ਉਤੇ ਹੈ। ਨਿਰਵੈਰਸਤਿਗੁਰੂ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅਨੰਦ ਪੁਰ ਵਿਖੇ ਜਗਤ ਤਮਾਸ਼ਾ ਦਿਖੇ ਰਹੇ ਹਨ। ਅਨੰਦ ਪੁਰ ਸਚ ਮੁਚ ਅਨੰਦ ਪੁਰ ਹੈ। ਦਰਬਾਰ ਲਗਦੇ ਨੇ ਅਤੇ ਗੁਰੂ ਦੇ ਲੰਗਰ ਚਲਦੇ ਨੇ।

ਸ੍ਰੀ ਅਨੰਦ ਪੁਰ ਦੇ ਉਤਰ ਪਾਸੇ ਸਿਵਾਲਕ ਦੀਆਂ ਪਹਾੜੀਆਂ ਵਿਚ ਹਿੰਦੂ ਰਾਜਪੂਤ ਰਾਜਿਆਂ ਦੀਆਂ ਰਿਆਸਤਾਂ ਹਨ। ਉਹ ਰਾਜੇ ਧਰਮ ਅਣਖ, ਸਵੈਮਤਕਾਰ ਤੇ ਸੁਤੰਤਰਤਾ ਨੂੰ ਵੇਚ ਕੇ ਗੁਲਾਮੀ ਤੇ ਨਿਰਾਦਰੀ ਦਾ ਜੀਵਨ ਬਤੀਤ ਕਰ ਰਹੇ ਹਨ। ਜ਼ਾਲਮ ਬਾਦਸ਼ਾਹ ਔਰੰਗਜ਼ੇਬ ਦੇ ਅਸਰ ਕਰਕੇ ਹਿੰਦੂ ਸੰਸਕ੍ਰਿਤੀ ਦਾ ਨਾਸ ਕਰ ਰਹੇ ਨੇ।

---

*ਜ਼ਰੂਰ ਆਪ ਭੀ ਕੀਰਤਨ ਵਿਚ ਬੋਲਣਾ (ਗਾਇਨ ਕਰਨਾ) ਹੈ ਤੇ ਇਸ ਦੀ ਆਗਿਆ ਵੀ ਦਿੱਤੀ ਜਾਣੀ ਹੈ ਤਾਂ ਇਸ ਵਾਸਤ ਘਟੋ ਘਟ ਦੋ ਸ਼ਰਤਾਂ ਜ਼ਰੂਰੀ ਹਨ। (੧) ਬੋਲਣ ਵਾਲੇ ਦੀ ਆਵਾਜ਼ ਹੋ ਰਹੇ ਕੀਰਤਨ ਨਾਲ ਪੂਰੀ ਸੁਰ ਵਿਚ ਹੋਵ। (੨) ਬੋਲਣ ਵਾਲ ਦੀ ਆਵਾਜ਼ ਕੀਰਤਨੀ ਸਿੰਘਾਂ ਦੀ ਅਵਾਜ਼ ਤੋਂ ਹਰ ਹਾਲਤ ਵਿਚ ਮੱਧਮ ਹੋਵੇ ਤੇ ਕਿਸੇ ਹਾਲਤ ਵਿਚ ਭੀ ਸਿਰ ਕੱਢਵੀਂ ਨ ਹੋਵ। ਜੇ ਇਨ੍ਹਾਂ ਸ਼ਰਤਾਂ ਦੀ ਪਾਲਣਾ ਨਹੀਂ ਤਾਂ ਕਿਸੇ ਨੂੰ ਵੀ ਕੀਰਤਨ ਵਿਚ ਬੋਲਣ ਦੀ ਆਗਿਆ ਨਹੀਂ ਹੋਣੀ ਚਾਹੀਦੀ। (ਚਲਦਾ)

ਪਹਾੜੀ ਰਾਜੇ ਦੋ ਯੁਧਾਂ ਵਿਚ ਹਾਰ ਖਾ ਗਏ ਨੇ। ਰਾਜਾ ਕੇਸਰੀ ਸਿੰਘ ਜੋ (ਭੀਮ ਚੰਦ ਦਾ ਸਾਲਾ ਸੀ) ਸ਼ਭ ਰਾਜਿਆਂ ਵਿਚ ਸਲਾਹ ਦੇ ਰਿਹਾ ਹੈ ਕਿ ਮਸਤ ਹਾਥੀ ਨਾਲ ਆਨੰਦ ਪੁਰ ਦਾ ਕਿਲਾ ਤੋੜਿਆ ਜਾਵੇ। ਇਸ ਕੰਮ ਲਈ ਇਕ ਹਾਥੀ ਨੂੰ ਸ਼ਰਾਬ ਪਲਾਈ ਗਈ। ਜਦੋਂ ਉਹ ਬਚਿਤ੍ਰ ਸਿੰਘ ਨਾਲ ਟਕਰ ਲੈ ਕੇ ਵਾਪਸ ਮੁੜ ਆਉਂਦਾ ਹੈ ਤਾਂ ਕੇਸਰ ਸਿੰਘ ਤੇ ਉਸ ਦੇ ਕੁਝ ਸਾਥੀ ਹਾਥੀ ਹਠ ਕੁਚਲੇ ਜਾਂਦੇ ਹਨ। ਉਸ ਦੀਆਂ ਲੱਤਾਂ ਬਾਹਾਂ ਟੁਟ ਜਾਂਦੀਆਂ ਹਨ। ਉਸ ਨੂੰ ਡੋਲੀ ਵਿਚ ਪਾਇਆ ਜਾਂਦਾ ਹੈ ਅਤੇ ਉਸ ਦੇ ਸਿਪਾਹੀ ਨੌਕਰ ਉਸ ਨੂੰ ਚੁਕ ਕੇ ਲੈ ਜਾ ਰਹੇ ਸਨ। ਉਸ ਦੀ ਰਾਣੀ ਪਦਮ ਵੀ ਨਾਲ ਹੀ ਹੈ। ਕਹਿਲੂਰ ਰਾਜ ਦੀ ਹਦ ਅੰਦਰ (ਜਿਥੇ ਅਜ ਕਲ ਗੁਰੂ ਕਾ ਲਾਹੌਰ ਹੈ) ਕੇਸਰ ਸਿੰਘ ਦੀ ਡੋਲੀ ਰਖੀ ਜਾਂਦੀ ਹੈ। ਉਸ ਦੀ ਦਸ਼ਾ ਖਰਾਬ ਹੋ ਗਈ ਹੈ। ਉਸ ਦੀਆਂ ਅੱਖਾਂ ਅਗੇ ਹਨੇਰਾ ਹ ਹਨੇਰਾ ਹੈ।

ਰਾਣੀ ਪਦਮਾਂ ਦੀਆਂ ਅੱਖਾਂ ਵਿਚ ਅਥ ਹਨ। ਉਹ ਆਪਣੇ ਆਪ ਨੂੰ ਵਿਧਵਾ ਸਮਝ ਬੈਠੀ ਹੈ। ਹੁਣ ਉਸ ਦਾ ਪਤੀ ਜੀਉਂਦਾ ਹੋਇਆ ਵੀ ਮਰਿਆਂ ਬਰਾਬਰ ਹੈ। ਉਸ ਨੇ ਪਤੀ ਵ ਨਿਗਾਹ ਭਰ ਕੇ ਦੇਖੀ। ਮਸਾਂ ਜ਼ਬਾਨ ਹਿ
'ਕਿਉਂ ਜੀ! ਕੀ ਹੁਕਮ।'

'ਮੈਂ ਨਹੀਂ ਬਚਣਾਂ। ਉਸ ਜਾਦੂਗਰ ਸਾਧੂ ਜ਼ਰੂਰ ਕੋਈ ਬੇਈਮਾਨੀ ਕੀਤੀ ਹੈ।'

ਕੇਸਰੀ ਸਿੰਘ ਅੰਦਰ ਹੰਕਾਰ ਆਗਿਆ



www.AKJ.Org

ਰੱਸੀ ਸੜ ਗਈ ਪਰ ਵਟ ਨਾ ਗਿਆ।

'ਦੇਖੋ ਜੀ, ਮੈਂ ਆਖਦੀ ਹਾਂ, ਸਚੇ ਸਤਿਗੁਰੂ ਦੀ ਹੋਰ ਨਿੰਦਿਆ ਨਾ ਕਰੋ। ਨਿੰਦਾ ਤੇ ਵੈਰ ਦਾ ਫਲ ਤਾਂ.........।'

ਉਹ ਗਲ ਪੂਰੀ ਨਾ ਕਰ ਸਕੀ।

'ਇਹ ਨਹੀਂ। ਗਲਤੀ ਤਾਂ ਮੇਰੀ ਸੀ ਕਿ ਹਾਥੀ ਜਦੋਂ ਪਿਛੇ ਮੁੜਿਆ, ਮੈਂ ਪਾਸੇ ਨਾ ਹਟਿਆ। ਹਾਂ ਹਾਥੀ, ਨੂੰ ਮੋੜਿਆ ਉਸ (ਸਤਿਗੁਰੂ ਜੀ) ਨੇ ਜ਼ਰੂਰ ਕਿਸੇ ਜਾਦੂ ਟੂਣੇ ਨਾਲ ਹੈ। ਉਈ ਪੀੜ।'

ਰਾਜਾ ਕੇਸਰੀ ਸਿੰਘ ਜਿਉਂ ਜਿਉਂ ਗੁਰੂ ਜੀ ਦੀ ਨਿੰਦਾ ਕਰਦਾ ਹੈ। ਤਿਉਂ ਤਿਉਂ ਦੁਖੀ ਹੁੰਦਾ ਹੈ।

ਨਿੰਦਾ ਨਾ ਕਰੋ। ਮੈਂ ਆਖਦੀ ਹਾਂ, ਉਸ ਅਗੇ ਬੇਨਤੀ ਕਰੀਏ ਤਾਂ ਜਾਨ ਬਚ ਸਕਦੀ ਹੈ। ਮੈਨੂੰ ਦਾਸੀਆਂ ਨੇ ਦਸਿਆ ਏ, ਉਹ ਬੜਾ ਚੰਗਾ ਨਿਰਵੈਰ ਸਤਿਗੁਰੂ ਏ। ਜਿਹੜਾ ਵੀ ਉਸ ਦੇ ਕੋਲ ਜਾਏ, ਉਸ ਨੂੰ ਬਖਸ਼ ਦਿੰਦਾ ਏ। ਰਾਣੀ ਮਨ ਹੀ ਮਨ ਵਿਚ ਸਤਿਗੁਰੂ ਦੀ ਸ਼ਰਨ ਲੈਣਾ ਚਾਹੁੰਦੀ ਹੈ। ਪਰ ਰਾਜਾ ਹਠੀ ਹੈ, ਅਗਿਆਨੀ ਹੈ, ਗੁਲਾਮ ਹੈ, ਸੁਆਰਥੀ ਹੈ।

ਰਾਣੀ ਪਦਮਾਂ ਰੋਣ ਲਗ ਪਈ। ਉਸ ਨੂੰ ਖਿਆਲ ਆਇਆ ਕਿ ਰਾਜਾ ਦੀ ਮੌਤ ਤੋਂ ਪਿਛੋਂ ਉਸ ਬਲਦੀ ਚਿਖਾ ਵਿਚ ਸੜ ਕੇ ਮਰਨਾ ਪਵੇਗਾ। ਉਹ ਆਪਣ ਪਤੀ ਦੀ ਜਾਨ ਬਚਾਉਣਾਂ ਚਾਹੁੰਦੀ ਹੈ। ਦਰੋਪਤੀ ਤਰਾਂ ਸਤਿਗੁਰੂ ਦਾ ਧਿਆਨ ਧਰਦੀ ਹੈ। ਅਰਦਾਸ ਬੇਨਤੀ ਕਰਦੀ ਹੈ। ਅਨੰਦ ਪੁਰ ਵੱਲ ਮੂੰਹ ਕਰਕੇ ਨੈਣ ਮੂੰਧ ਕੇ ਬੈਠ ਜਾਂਦੀ ਹੈ। ਦੁਖੀ ਪਰ ਸਾਫ ਹਿਰਦੇ ਨਾਲ ਸਤਿਗੁਰੂ ਦੇ ਚਰਨਾਂ ਦਾ ਧਿਆਨ ਧਰਦੀ ਹੈ। ਬੇਨਤੀ ਕਰਦੀ ਕਰਦੀ ਆਪ ਬੇਨਤੀ ਦਾ ਰੂਪ ਧਾਰਕੇ ਪੁਕਾਰਦੀ ਹੈ, ਦਾਤਾ! ਹੇ ਸਤਿਗੁਰ, ਮੈਂ ਤੁਸਾਂ ਦੇ ਦਰਸ਼ਨ ਨਹੀਂ ਕੀਤੇ। ਪਰ ਮੈਂ ਇਕ ਅਬਲਾ ਬੇਨਤੀ ਕਰਦੀ ਹਾਂ। ਮੇਰੇ ਉਤੇ ਦਇਆ ਕਰੋ। ਹੇ ਪਿਤਾ! ਆਪ ਜਗਤ ਪਿਤਾ ਹੋ, ਜਗਤ ਦੇ ਕਰਤਾ ਧਰਤਾ ਹੋ। ਮੈਂ ਗਰੀਬਣੀ ਉਤੇ ਦਯਾ ਦਰਿਸ਼ਟੀ ਕਰੋ। ਮੈਂ ਵਿਧਵਾ ਨਾ ਹੋਵਾਂ। ਮੇਰਾ ਪਤੀ ਭੁਲਿਆ ਹੈ ਉਸ ਨੂੰ ਸੁਮੱਤ ਬਖਸ਼ੋ। ਹੇ ਦਾਤਾਰ! ਹੇ ਕਰਤਾਰ ਮੇਰੀ ਜੋਦੜੀ ਸੁਣੋ, ਮੈਂ ਜੰਗਲ ਵਿਚ ਸਭ ਕੁਝ ਉਸੇ ਤਰਾਂ ਲੁਟਾ ਰਹੀ ਹਾਂ ਜਿਵੇਂ ਜੰਗਲ ਵਿਚ ਕੋਈ ਹਰਨੀ ਆਪਣੇ ਹਰਨ ਜਾਂ ਹਰਨੋਟੇ ਨੂੰ ਜ਼ਖਮੀ ਹੋਇਆ ਵੇਖਕੇ ਲੁਟੀ ਜਾਂਦੀ ਹੈ। ਸਭ ਦੇ ਪਾਲਕ, ਤੁਸੀ ਸਭ ਦੀ ਸੰਭਾਲ ਕਰਦੇ ਹੋ। ਬਹੁੜੋ! ਆਓ, ਮਿਹਰ ਕਰੋ, ਦਇਆ ਕਰੋ।'

ਇਉਂ ਰਾਣੀ ਦਸਮ ਪਿਤਾ ਨੂੰ ਯਾਦ ਕਰ ਰਹੀ ਹੈ। ਉਹ ਭੁਲ ਜਾਂਦੀ ਹੈ ਕਿ ਉਹ ਰਾਜ ਰਾਣੀ ਹੈ। ਉਸ ਦਾ ਨਾਰੀ ਹਿਰਦਾ ਹੰਕਾਰ ਰਹਿਤ ਰੋਮ ਰੋਮ ਪੁਕਾਰ ਰਿਹਾ ਹੈ। ਰਾਜਾ ਕੇਸਰ ਸਿੰਘ ਉਸ ਨੂੰ ਆਵਾਜ਼ਾਂ ਮਾਰ ਰਿਹਾ ਹੈ। ਪਰ ਉਸ ਦੀ ਸੁਰਤ ਬੇਨਤੀ ਕਰਨ ਵਿਚ ਜੁੜੀ ਹੋਈ ਹੈ। ਉਹ ਸਵਿੱਤਰੀ ਦੀ ਤਰਾਂ ਕੂਕਦੀ ਹੈ। 'ਹੇ ਦਾਤਾ! ਅਸਾਂ ਦੀਆਂ ਭੁਲਾਂ ਨਾਂ ਚਿਤਾਰੋ। ਮੇਰੀ ਡੁਬਦੀ ਜੀਵਨ ਬੇੜੀ ਨੂੰ ਪਾਰ ਕਰੋ। ਨਾਰੀ ਦਾ ਪਤੀ ਤੋਂ ਬਿਨਾਂ ਕੁਝ ਨਹੀਂ। ਨਾਰੀ ਵੇਲ ਦੀ ਤਰਾਂ ਪਤੀ ਆਸਰੇ ਨਾਲ ਹੀ ਜਿਉਂਦੀ ਰਹਿੰਦੀ ਹੈ।'

ਪਦਮਾਂ ਰਾਣੀ ਇਕ ਪਵਿਤਰ ਦੇਵੀ ਬਣ ਜਾਂਦੀ ਹੈ। ਫ਼ਰਿਆਦ ਕਰਦੀ ਜਾਂਦੀ ਹੈ। ਉਸ ਦੇ ਕੰਨਾਂ ਨੂੰ ਇਉਂ ਸੁਣਾਈ ਦੇਂਦਾ ਹੈ 'ਹੇ ਪੁਤਰੀ, ਅਸੀ ਆਉਂਦੇ ਹਾਂ' ਉਸਦੇ ਨਰਗਸ ਫੁਲਾਂ ਵਰਗੇ ਨੈਣਾਂ ਵਿਚ ਕੋਈ ਨਵੀਂ ਜੋਤ ਆ ਜਾਂਦੀ ਹੈ ਤੇ ਆਤਮਾਂ ਪੁਕਾਰ ਉਠਦੀ ਹੈ, 'ਮੇਰੀ ਬੇਨਤੀ ਸੁਣੀ ਗਈ। ਜਗਤ ਦੇ ਮਾਲਕ ਕਲਗੀਧਰ ਪਿਤਾ ਜੀ ਆ ਰਹੇ ਨੇ। ਪਾਂਪੀਆਂ ਨੂੰ ਤਾਰਨਹਾਰ, ਡੁਬਦਿਆਂ ਦੇ ਸਹਾਰੇ ਸਚੇ ਪਿਤਾ ਆ ਰਹੇ ਨੇ।' ਦੂਰੋਂ ਹੀ ਪਥਰੀਲੇ ਰਾਹ ਉਤੇ ਘੋੜਿਆਂ ਦੇ ਸੁੰਬਾਂ ਦੀਆਂ ਟਾਪਾਂ ਸਾਫ ਸੁਣਾਈ ਦੇਂਦੀਆਂ ਹਨ। ਦੂਰ ਦਿਸਦੇ ਨੇੜੇ ਆਏ।

ਸਚਮੁਚ ਸਤਿਗੁਰੂ ਜੀ ਨਾਲ ਸਿਰਫ ਪੰਜ ਸਿੰਘ ਸਨ। ਵਾਹ ਮੇਰੇ ਦਾਤਾ ਪਹਾੜ ਨਾਲੋਂ ਚੌੜੇ ਦਿਲ ਵਾਲੇ। ਧਰਤੀ ਤੇ ਸਾਗਰ ਜਿਹਾ ਧੀਰਜ ਧਾਮ ਦੇ


www.AKJ.org

ਮਾਲਕ।ਅਕਾਲ ਦੀ ਸ਼ਕਤੀ, ਦਿਲ ਦੀਆਂ ਤਾਰਾਂ ਬੁਝ ਕੇ, ਇਕ ਅਬਲਾ ਦੀਆਂ ਅਵਾਜ਼ਾਂ ਸੁਣ ਕੇ, ਉਸਦਾਗੁਰੂ ਘਰ ਨਾਲ ਪ੍ਰੇਮ ਦੇਖਕੇ,ਦਯਾਦੇਸਾਗਰ ਸਤਿਗੁਰੂ ਜੀ ਗੁਰੂ ਕੇ ਲਾਹੌਰ ਵਲ ਆ ਗਏ। ਸਤਿਗੁਰੂ ਜੀ ਦਾ ਨੂਰੀ ਚੇਹਰਾ, ਰਸੀਲੇ ਪਰ ਸੁਚੇ ਨੈਣ। ਸੀਸ ਤੇ ਕਲਗੀ, ਗਲ ਸੁਨਹਿਰੀ ਚੋਗਾ, ਗਾਤਰੇ ਕ੍ਰਿਪਾਨ, ਹਥ ਵਿਚ ਸੁਨਹਿਰੀ ਤੀਰ ਦੇਖਕੇ ਪਦਮਾਂ ਨੇ ਪਛਾਣ ਲਿਆ ਕਲਗੀਧਰ ਪਿਤਾ ਨੂੰ,ਤੇ ਨਸ ਕੇ ਅਗੇ ਹੋਈ ਅਤੇ ਰਕਾਬ ਵਿਚ ਪਏ ਚਰਨ ਉਤੇ ਹੀ ਜਾ ਮਥਾ ਟੇਕਿਆ ਤੇ ਖੁਸ਼ੀ ਵਿਚ ਨੈਣਾਂ ਵਿਚੋਂ ਹੰਝੂ ਵਗ ਪਏ। 'ਦਾਤਾ! ਮਿਹਰ! ਕਿਰਪਾ ਦ੍ਰਿਸ਼ਟੀ, ਪਾਪੀਆਂ ਦੇ ਪਾਪ ਨਾ ਚਿਤਾਰੋ। ਮਿਹਰ, ਕਰੋ, ਦਇਆ ਕਰੋ।'

'ਪੁਤਰੀ! ਕਿਉਂ ਚੇਤੇ ਕੀਤਾ?'

'ਮਹਾਰਾਜ, ਉਥੇ ਉਹ ਤੰਗ ਨੇ।' ਸੁਤੰਤਰਤਾ ਤੇ ਸ਼ਕਤੀ ਦੇ ਅਵਤਾਰ ਰਾਜਾ ਕੇਸਰੀ ਸਿੰਘ ਕੋਲ ਚਲੇ ਗਏ। ਉਸ ਨੂੰ ਜਾ ਕੇ ਪੁਛਿਆ, 'ਕਿਉਂ ਰਾਜਨ? ਘਬਰਾ ਕਿਉਂ ਗਏ? ਸੂਰਮੇ ਸੱਟ ਪੇਟ ਖਾ ਕੇ ਓਦਰਦੇ ਤਾਂ ਨਹੀਂ।'

ਰਾਜਾ ਕੇਸਰੀ ਸਿੰਘ ਦੀਆਂ ਅਖਾਂ ਨੇ ਚੰਗੀ ਤਰਾਂ ਨਿਖਾਰ ਕੇ ਦੇਖਿਆ ਕਿ ਸਤਿਗੁਰੂ ਗੁਰੂ ਗੋਬਿੰਦ ਸਿੰਘ ਉਸ ਦੇ ਕੋਲ ਖੜੇ ਮੁਸਕਰਾ ਰਹੇ ਨੇ। ਉਹੋ ਸਤਿਗੁਰੂ, ਜਿਨ੍ਹਾਂ ਨੂੰ ਫੜਨ ਜਾਂ ਆਨੰਦਪੁਰ ਤੋਂ ਕਢਣ ਵਾਸਤੇ ਉਹ ਆਇਆ ਸੀ।

'ਰਾਜਾ ਕੇਸਰੀ ਸਿੰਘ! ਰਾਜ ਭਾਗ ਪਰਾਪਤ ਕਰਕੇ ਇਕ ਨਾਂ ਪਰਮਾਤਮਾਂ ਨੂੰ ਭੁਲੀਦਾ ਹੈ ਅਤੇ ਨਾਂ ਹੀ ਆਪਣੇ ਦੇਸ਼ ਨੂੰ। ਆਪਣਾ ਦੇਸ਼ ਆਪਣਾ ਹੈ। ਆਪਣੇ ਭਰਾ ਆਪਣੇ ਹਨ। ਅਸੀ ਕਿਸੇ ਦੇ ਦੁਸਮਣ ਨਹੀਂ, ਸਤਿਗੁਰੂ ਨਾਨਕ ਦੇਵ ਜੀ ਦਾ ਘਰ ਸਾਰਿਆਂ ਦਾ ਸਾਂਝਾ ਹੈ। ਮੁਗਲ ਹਾਕਮ ਭਾਰਤ ਨੂੰ ਆਪਣਾ ਦੇਸ਼ ਨਹੀਂ ਸਮਝਦੇ। ਉਹ ਹਿੰਦੂ ਸੰਸਕ੍ਰਿਤੀ ਤੇ ਧਰਮ ਦਾ ਨਾਸ ਕਰ ਰਹੇ ਹਨ। ਉਨ੍ਹਾਂ ਨੇ ਭਾਰਤ ਨੂੰ ਗੁਲਾਮ ਰਖਿਆ ਹੈ। ਸਦੀਆਂ ਤੋਂ ਗੁਲਾਮ ਭਾਰਤ ਨੂੰ ਆਜ਼ਾਦ ਕਰਾਉਣਾ ਅਸਾਂ ਲੋਕਾਂ ਦਾ ਧਰਮ ਹੈ। ਆਓ ਆਪਸ ਵਿਚ ਲੜਨ ਦੀ ਥਾਂ ਮੁਗਲ ਬਾਦਸ਼ਾਹ ਨਾਲ ਟੱਕਰ ਲਈਏ। ਸਾਰੀ ਸਮਗਰੀ ਇਕਠੀ ਕਰਕੇ ਦੇਸ਼ ਨੂੰ ਸੁਤੰਤਰ ਕਰੀਏ। ਜ਼ਿੰਦਗੀ ਤੇ ਰਾਜ ਦਾ ਕੋਈ ਪਤਾ ਨਹੀਂ, ਕਦੋਂ ਇਨ੍ਹਾਂ ਨੇ ਖਤਮ ਹੋ ਜਾਣਾ ਹੈ। ਨਾਂ ਰਹਿਣ ਵਾਲੀ ਚੀਜ਼ ਦਾ ਕੋਈ ਮਾਣ ਨਹੀਂ ਕਰਨਾ ਚਾਹੀਦਾ ਕੀ ਲਾਭ ਹੋਇਆ, ਆਪਸ ਵਿਚ ਲੜੇ, ਹਾਥੀ ਮਾਰਿਆ ਤੁਸੀ ਜ਼ਖਮੀ ਹੋਏ।'

ਕੇਸਰੀ ਸਿੰਘ ਦੀਆਂ ਅਖਾਂ ਨੀਵੀਆਂ ਹੋ ਗਈਆਂ। ਉਸ ਨੇ ਸਤਿਗੁਰੂ ਤੇ ਗੁਰੂ ਘਰ ਦੀ ਨਿੰਦਾ ਕੀਤੀ ਸੀ। ਉਹ ਜਿਤਣ ਆਇਆ ਹਾਰ ਗਿਆ ਤੇ ਦੋਵੇਂ ਲਤਾਂ ਤੁੜਾਕੇ ਪੀੜ ਨਾਲ ਵਿਆਕਲ ਹੋ ਰਿਹਾ ਸੀ। ਉਹ ਸ਼ਰਮ ਦਾ ਮਾਰਾ ਬੋਲ ਨਾ ਸਕਿਆ।

ਰਾਣੀ ਪਦਮਾਂ ਅਗੇ ਹੋਈ। ਉਸ ਨੇ ਰਾਜੇ ਨੂੰ ਆਖਿਆ, 'ਖਿਮਾ ਮੰਗੋ, ਜਗਤ ਦੇ ਮਾਲਕ ਆ ਪਹੁੰਚੇ ਨੇ। ਡਿਗੋ ਚਰਨੀ; ਜੋੜੋ ਹਥ, ਸਾਰੇ ਦੁਖ ਦੂਰ ਜਾਣਗੇ।

ਪਾਪੀ ਤੇ ਹੰਕਾਰੀ ਮੌਤ ਕੋਲੋਂ ਡਰ ਜਾਂਦੇ ਹਨ। ਰਾਜਾ ਕੇਸਰੀ ਸਿੰਘ ਦਾ ਮਾਣ ਟੁਟ ਗਿਆ। ਉਹ ਤਾਂ ਜੀਵਨ ਤੋਂ ਹਥ ਧੋ ਰਿਹਾ ਸੀ। ਸਤਿਗੁਰੂ ਜੀ ਨੇ ਮੇਹਰ ਦ੍ਰਿਸ਼ਟੀ ਕੀਤੀ। ਉਸ ਰਾਜੇ ਦਾ ਮਨ ਬਦਲਗਿਆ। ਉਸ ਨੇ ਰਾਣੀ ਪਦਮਾਂ ਦੇ ਨੈਣਾਂ ਵਲ ਤਕਿਆ ਤੇ ਫਿਰ ਹੌਲੀ ਹੌਲੀ ਅੱਖਾ ਚੁਕ ਕੇ ਸਤਿਗੁਰੂ ਜੀ ਵਲ ਦੇਖਣ ਦਾ ਹੌਸਲਾ ਕਰਦਾ ਹੈ। ਹਥ ਜੋੜਕੇ ਬੋਲਦਾ ਹੈ, 'ਮੈਨੂੰ ਖਿਮਾਂ ਬਖਸ਼ੋ, ਮੈਂ ਭੁਲ ਗਿਆ। ਮਹਾਰਾਜ ਆਪ ਸਰਬ ਕਲਾ ਸ਼ੰਮ੍ਰਥ ਹੋ।'

ਸਤਿਗੁਰੂ ਜੀ ਦਬਾ ਦੇ ਘਰ ਆ ਜਾਂਦੇ ਹਨ। ਉਨਾਂ ਸੇਵਕ ਨੂੰ ਹੁਕਮ ਦਿਤਾ, 'ਜਾਉ ਸੋਮੇਂ ਵਿਚੋਂ ਜਲ ਲਿਆਓ।'

ਗੁਰੂ ਕੇ ਲਾਹੌਰ ਵਿਚ ਇਕ ਅਮਰ ਜਲ ਦਾ ਸੋਮਾ ਹੈ। ਉਸ ਦਾ ਸੀਤਲ ਜਲ ਅਮਰ ਜਲ ਹੈ, ਅੰਮ੍ਰਿਤ ਹੈ। ਸਤਿਗੁਰੂ ਜੀ ਦੇ ਤੀਰ ਨਾਲ ਕਢੇ ਉਹ ਪਾਣੀ ਦਾ ਫੁਟਿ ਪਾਸੀ ਸੇਵਕ ਗਿਆ। ਉਹ


www.AKJ.Org

# ਭਟਕਣਾ

ਕਰਤਾਰ ਸਿੰਘ

'ਰਾਹੀ'

ਕਈ ਜਨਮਾਂ ਦਾ ਕੋਹਲੂ ਗੇੜਾ ਖਾਂਦੀ, ਮਸਾਂ ਮਸਾਂ ਹੁਣ ਤੇਰੀ ਕਿਰਪਾ ਨਾਲ ਮਨੁਖਾ ਦੇਹੀ ਵਿਚ ਆਈ ਹਾਂ। ਪਰ ਬੇਕਦਰੀ ਨੇ ਕਦਰ ਫੇਰ ਵੀ ਨਹੀਂ ਪਾਇਆ। ਮੋਤੀਆਂ ਦੇ ਹਾਰ ਦਾ ਮੁਲ ਜਾਣੇ ਬਾਂਦਰ ਦੀ ਬਲਾ ! ਜਲ ਵਿਚ ਟੁੱਭੀਆਂ ਮਾਰਦੀ ਡੱਡ ਫੇਰ ਵੀ ਚਿੱਕੜ ਨਾਲ ਹੀ ਲਿਬੜਾ ਰਹੀ। ਗਿਠ ਗਿਠ ਲੰਮੀਆਂ ਧੌਣਾ ਵਾਲੇ ਕੰਵਲ-ਫੁਲਾਂ ਦੀ ਸੁਗੰਧੀ ਨਾਂ ਮਾਣੀ। ਝੂਠੇ ਵਣਜਾਂ ਪਿੱਟੀ ਗੁਜਰੀ ਨੇ ਤੇਰੂਵਾਂ ਰਤਨ, ਗੋਰਸ ਘਰੋਂ ਵੇਚ ਕੇ ਖਲ, ਸੂੜ੍ਹੀ ਤੇ ਫੂਸ ਹੀ ਖਰੀਦਿਆ। ਹੀਰਿਆਂ ਤੋਂ ਮਹਿੰਗੇ ਦੁਰਲੱਭ ਸੁਆਸ, ਮਿੱਟੀ ਦੇ ਗੁਲੇਲਿਆਂ ਵਾਂਗ ਰੇੜ੍ਹ ਛੱਡੇ। ਨੀਂਦ-ਖੁਰਾਂਟਿਆਂ ਵਿਚ ਉਮਰਾਂ ਦੇ ਸੁਫਨੇ ਕਢੇ। ਖੇਡਣ ਲਈ ਡਾਇਣ ਦੇ ਕੁਛੜ ਬਾਲ ਦਿਤਾ। ਸਮੁੰਦਰ ਦੇ ਕੰਢੇ ਬੈਠੀ ਕੌਡੀਆਂ ਘੋਗੇ ਹੀ ਚੁਣਦੀ ਰਹੀ। ਮਾਖੋ ਚੋੜ ਵਿਚ ਆਈ, ਸੱਜਣ ਠੱਗਾਂ ਨਾਲ ਜੀਵਨ ਦੀ ਸ਼ਤਰੰਜ ਖੇਡ ਬੈਠੀ ਜਿਨ੍ਹਾਂ ਨੇ ਪਹਿਲੇ ਦਾਅ ਹੀ ਜਤ ਸਤ, ਧੀਰਜ ਸੰਤੋਖ ਤੇ ਨਿਮਰਤਾ ਦੀਆਂ ਕੀਮਤੀ ਨਰਦਾਂ ਕੁਟ ਲਈਆਂ। ਜੋਬਨ ਰੂਪ ਦੇ ਚਰਖ ਤੇ ਚੜ੍ਹੀ, ਤੇ ਚੜ੍ਹ ਚੜ੍ਹ ਘੁੰਮੀ। ਧੁੱਪ ਨਾਲ ਚਮਕਦੀਆਂ ਰੇਤ-ਕਣੀਆਂ ਨੂੰ ਪਾਣੀ ਸਮਝ ਕੇ ਉਲਰੀ ਤੇ ਸੱਸੀ ਵਾਂਗ ਰੇਤ-ਥਲੇ ਵਿਚ ਹੁਸਨ ਦੇ ਸਾਏ ਰੋਲ ਬੈਠੀ। ਕੁਥਾਵੇਂ ਜਾਕੇ ਦਿਲ ਵੇਚਿਆ। ਪਰ ਝੋਲੀ ਪਈ ਸੱਤਾਂ ਚੁੱਲਿਆਂ ਦੀ ਸੁਆਹ। ਕੌਲਾਂ ਬੱਪੁੜੀ ਦੀਆਂ ਜੁਤੀਆਂ ਝਾੜੀਆਂ, ਅੱਖਾਂ ਦੀਆਂ ਝਿੰਮਣੀਆਂ ਨਾਲ ਪੂੰਝੀਆਂ, ਪਰ ਵਾਹ ਕਿਸਮਤ ! ਉਹੀ ਜੁੱਤੀਆਂ ਸਿਰ ਵਿਚ ਆ ਵਰ੍ਹੀਆਂ।"

ਤ੍ਰਿਸ਼ਨਾਂ ਕਾਂਗੜੀ ਨੇ ਰੂਹ ਦੇ ਪਿੰਡੇ ਤੋਂ ਮਾਸ ਠੂੰਗ ਠੂੰਗ ਬੁਚੀ ਕਰ ਦਿਤਾ। ਹੱਡੀਆਂ ਦੀ ਚੁਗਾਠ ਤੋਂ ਖੰਭ ਨੋਚ ਲਏ। ਚਿੜੀ ਦੇ ਬੱਚੇ ਵਾਂਗ ਬੋਟ ਬਣਾ ਕੇ ਧਰ ਦਿਤੀ। ਸਜਣੋਂ ! ਕੀ ਕਰਾਂ ? ਖੰਭ ਹੀਣ ਹਾਂ, ਕਿਵੇਂ ਉਡਾਂ ? ਅਕਾਸ਼ ਗੰਗਾ ਦੇ ਬੁਰਜਾਂ ਤੇ ਬਹਿ ਕੇ ਕਿਵੇਂ ਚਹਿਚਹਾਵਾਂ ? *

---

*ਜਲ ਲੈ ਆਇਆ। ਸਤਿਗੁਰੂ ਜੀ ਨੇ ਕੁਝ ਤਾਂ ਕੇਸਰੀ ਸਿੰਘ ਨੂੰ ਪਿਲਾ ਦਿਤਾ ਤੇ ਕੁਝ ਉਸ ਦੇ ਸਰੀਰ ਉਤੇ ਛੱਟ ਮਾਰੇ। ਉਸੇ ਵਲ ਸਤਿਗੁਰੂ ਜੀ ਦੀ ਕਲਾ ਪ੍ਰਗਟ ਹੋਈ। ਉਸ ਦੀਆਂ ਟੁੱਟੀਆਂ ਲੱਤਾਂ ਵਿਚ ਸ਼ਕਤੀ ਆ ਗਈ। ਆਪਣੇ ਆਪ ਹੀ ਲਹੂ ਚੱਕਰ ਲਾਉਣ ਲਗ ਪਿਆ।

ਸਤਿਗੁਰੂ ਜੀ ਨੇ ਕਿਹਾ, 'ਹੇ ਰਾਜਨ ਅਗੇ ਨੂੰ ਸਮਝ ਕੇ ਚਲਣਾਂ, ਹਉਮੈ ਦਾ ਤਿਆਗ ਕਰਨਾਂ। ਪਰਮੇਸ਼ਰ ਦਾ ਨਾਮ ਜਪਣਾ। ਦੇਸ਼ ਤੇ ਧਰਮ ਦੀ ਰਖਿਆ ਕਰਨੀ। ਜਾਉ, ਆਪਣੇ ਰਾਜ ਵਿਚ, ਅਕਾਲ ਪੁਰਖ ਸਹਾਈ ਹੋਵੇ।

ਇਉਂ ਉਪਦੇਸ਼ ਕਰਕੇ ਕਲਗੀਧਰ ਪਿਤਾ, ਆਪਣੇ ਵੈਰੀਆਂ ਨੂੰ ਵੀ ਖਿਮਾ ਕਰਨ ਵਾਲੇ ਦਾਤਾਰ ਨੇ ਘੋੜੇ ਉਤੇ ਸਵਾਰੀ ਕੀਤੀ। ਘੋੜੇ ਦੀਆਂ ਵਾਗਾਂ ਅਨੰਦਪੁਰ ਵਲ ਨੂੰ ਮੋੜ ਲਈਆਂ ਤੇ ਬਿਜਲੀ ਦੀ ਤਰਾਂ ਸਭ ਦੀਆਂ ਅੱਖਾਂ ਦੀਆਂ ਪਲਕਾਂ ਅਗੋਂ ਅਲੋਪ ਹੋ ਗਏ ਧੰਨ ਹਨ, ਸਾਡੇ ਦਸਮੇਸ਼ ਸਤਿਗੁਰੂ, ਕਲਗੇਸ਼ ਸਤਿਗੁਰੂ। ਖੜਗੇਸ਼ ਸਤਿਗੁਰੂ........'ਸਭ ਧੰਨ ਕਹੋ ਗੁਰੂ ਸਤਿਗੁਰੂ, ਗੁਰੂ ਸਤਿਗੁਰੂ, .........

"ਸਤਿਗੁਰੂ ਸੱਦਾ ਨਿਰਵੈਰ ਹੈ, ਨਿੰਦਕ, ਦੋਖੀ, ਬੇਮੁਖਤਾਰ।



www.AKJ.Org

# ਅਮੁੱਲੀ ਸੁਗਾਤ

## ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ

### ਭਾਈ ਸਾਹਿਬ ਸੁਰਜਨ ਸਿੰਘ ਜੀ ਰਚਿਤ-ਪੁਸਤਕ

# ਜੀਵਨ ਬ੍ਰਿਤਾਂਤ

ਪਾਠਕਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਭਾਈ ਸਾਹਿਬ ਸੁਰਜਨ ਸਿੰਘ ਜੀ ਗੁਜਰਵਾਲ ਦੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ ਅੱਖੀਂ-ਡਿਠੇ ਤੇ ਹੱਡੀਂ-ਵਾਪਰੇ ਬ੍ਰਿਤਾਂਤ ਨੂੰ ਪੁਸਤਕ ਦੇ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਗਿਆ ਹੈ, ਤਾਕਿ ਇਸ ਅਣਮੋਲ ਲੇਖਾਂ ਦੀ ਸੰਭਾਲ ਹੋ ਸਕੇ, ਤੇ ਪ੍ਰੇਮੀ-ਜਨ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰ ਸਕਣ। ਇਹਨਾਂ ਲੇਖਾਂ ਦੀ ਲੜੀ ੧੩ ਕਿਸ਼ਤਾਂ ਵਿਚ 'ਸੂਰਾ' ਦੇ ਪਿਛਲੇਰੇ ਅੰਕਾਂ ਵਿਚ ਵੀ ਛਪ ਚੁਕੀ ਹੈ। ਇਸ ਲਈ ਪਾਠਕ ਜਨ ਤੇ ਹੋਰ ਸੰਗਤਾਂ ਇਸ ਅਮੁੱਲੀ ਸੁਗਾਤ ਨੂੰ ਗੁਰਮਤਿ ਪ੍ਰਚਾਰ ਹਿਤ ਵੰਡਣ ਲਈ ਵਧ ਤੋਂ ਵਧ ਗਿਣਤੀ ਵਿਚ ਆਰਡਰ ਭੇਜਣ, ਤਾਕਿ ਇਹ ਪੁਸਤਕ ਛੇਤੀ ਤੋਂ ਛੇਤੀ ਪ੍ਰਕਾਸ਼ਤ ਹੋ ਸਕੇ। ਇਸ ਪੁਸਤਕ ਦੀ ਭੇਟਾ ਲਾਗਤ ਮਾਤਰ ਹੀ ਹੋਵੇਗੀ।

ਦਾਸ—ਮੈਨੇਜਰ, ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ।

*ਖੰਡਰਾਂ ਦੇ ਢੇਰ ਉਤੇ ਉਸ ਪੱਥਰ-ਗੀਟੇ ਵਾਂਗ ਪਈ ਰੁਲਦੀ ਹਾਂ ਜਿਸ ਦੇ ਵੰਨ ਸੁਵੰਨੇ ਰੰਗਾਂ ਦੀ ਮੀਨਾਕਾਰੀ, ਮੀਂਹਾਂ ਹਨੇਰੀਆਂ ਨੇ ਘਸਮੈਲੀ ਕਰ ਕੇ ਰੱਖ ਦਿਤੀ। ਪੱਥਰ-ਪਾੜੇ ਦੀ ਅਦਿੱਖ ਛੈਣੀ ਨਾਲ ਤਰਾਸ਼ੇ ਜਿਸਦੇ ਨਕਸ਼-ਕਿੰਗਰੇ ਸਮੇ ਦੀਆਂ ਧੁੱਪਾਂ ਬਰਫਾਂ ਨਾਲ ਭੁਰ ਕੇ ਬੇ-ਸਿਆਣ ਹੋ ਗਏ। ਪਰ ਫਿਰ ਵੀ ਸਿਲ ਬਣ ਚੁਕੀ ਅਹਲਿਆ ਵਿਚ ਕੋਈ ਅਤਿ ਸੂਖਮ ਚੇਤੰਨਤਾ ਅੰਗੜਾਈਆਂ ਭੰਨ ਰਹੀ ਹੈ। ਯੁਗਾਂ ਪ੍ਰਯੰਤ ਹੋ ਰਹੇ ਤੱਤਾਂ ਦੇ ਘੋਲ ਵਿਚੋਂ ਕੋਈ ਤੜਪ ਸਿਸਕ ਰਹੀ ਹੈ:—

"ਜੇ ਹੁਣ ਵੀ ਕਿਤੇ ਰਾਮ ਪਿਆਰੇ ਦੀ ਅੰਮ੍ਰਿਤ ਰਸਾਇਣੀ ਚਰਨ-ਛੁਹ ਪ੍ਰਾਪਤ ਹੋ ਜਾਵੇ। ਤਾਂ ਪੱਥਰ ਗੀਟੇ ਦਾ ਕਾਯਾਂ ਪਲਟ ਕੇ ਹੀਰ ਦੀ ਕਣੀ ਵਿਚ ਰੂਪ ਵਟਾ ਜਾਣਾ ਕੋਈ ਅਣਹੋਣੀ ਕਿਰਿਆ ਨਹੀਂ।'

ਪਰ ਅਫ਼ਸੋਸ! ਤੈਥੋਂ ਵਿੱਛੜ ਕੇ ਮੈਂ ਗਲੀਆਂ ਦੇ ਕੱਖ ਵਾਂਗ ਹੀ ਰੁਲ ਰਹੀ ਹਾਂ। ਕਿਸ ਤੇ ਗਿਲਾ ਕਰਾਂ? ਆਪਣੀਆਂ ਕਰਤੂਤਾਂ ਨਾਲ ਉਣੇ ਜਾਲ ਵਿਚ ਮਕੜੀ ਦੇ ਜਾਲੇ ਵਾਂਗੂ ਖੁਦ ਫਸੀ ਪਈ ਹਾਂ। ਬਹਾਰਾਂ ਵਿਚ ਹੀ ਖਿਜ਼ਾਂ ਸਾਏ ਆ ਲਟਕੇ। ਮਿਹਰਵਾਨ ਪ੍ਰੀਤਮ ਜੀਓ! ਜ਼ਰਾ ਆਕੇ ਵੇਖ ਤਾਂ ਸਹੀ।

www.AKJ.Org

ਸਿਖ ਇਤਿਹਾਸ ਵਿਚਾਰ ਲੜੀ ਨੰ: ੭

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਸ੍ਰੀ ਅਨੰਦਪੁਰ ਛਡਣ ਤੋਂ ਪਿਛੋਂ ਕਈ ਪ੍ਰਾਣੀਆਂ ਦਾ ਉਧਾਰ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਸਾਬੋ ਤਲਵੰਡੀ ਕੀ ਪੁਜੇ,ਜੋ ਅੱਜ ਦਮਦਮਾ ਸਾਹਿਬ ਕਰਕੇ ਪ੍ਰਸਿਧ ਹੈ। ਲਾਹੌਰ ਨਿਵਾਸੀ ਇਕ ਸਿੱਖ ਨੇ ਗੁਰੂ ਜੀ ਨੂੰ ਇਕ ਬੰਦੂਕ ਭੇਂਟ ਕੀਤੀ। ਬੰਦੂਕ ਦਾ ਨਿਸ਼ਾਨਾ ਪਰਖਣ ਲਈ ਗੁਰੂ ਜੀ ਨੇ ਭਾਈ ਡਲੇ ਨੂੰ ਆਪਣਾ ਸੇਵਕ ਲਿਆਉਣ ਲਈ ਕਿਹਾ। ਪਰ ਉਸਦਾ ਕੋਈ ਸੇਵਕ ਗੁਰੂ ਜੀ ਦੇ ਨਿਸ਼ਾਨੇ ਅਗੇ ਖੜਾ ਹੋ ਕੇ ਮਰਨ ਨੂੰ ਤਿਆਰ ਨਾ ਹੋਇਆ। ਪਰ ਜਦ ਗੁਰੂ ਦੇ ਸਿੱਖਾਂ ਦੇ ਕੈਂਪ ਵਿਚ ਸੁਨੇਹਾ ਪੁੱਜਾ ਤਾਂ ਦੋ ਸਿੱਖ ਦੌੜੇ ਆ ਗਏ। ਅਗੇ ਹੋ ਕੇ ਗੋਲੀ ਦਾ ਨਿਸ਼ਾਨਾ ਬਣਨ ਲਈ ਦੋਵੇਂ ਝਗੜ ਰਹੇ ਸਨ। ਗੁਰੂ ਜੀ ਨੇ ਦੋਹਾਂ ਨੂੰ ਅੱਗੇ ਪਿਛੇ ਖੜੇ ਕਰਕੇ ਗੋਲੀ ਉਤੋਂ ਦੀ ਲਘਾ ਦਿਤੀ।

ਇਹ ਕੌਤਕ ਵਰਤਾ ਕੇ ਗੁਰਦੇਵ ਜੀ ਨੇ ਭਾਈ ਡਲੇ ਦਾ ਮਾਣ ਤੋੜਿਆ ਸੀ। ਜੋ ਥੋੜ੍ਹਾ ਚਿਰ ਪਹਿਲਾਂ ਆਪਣੇ ਸੇਵਕਾਂ ਦੀ ਬਹਾਦਰੀ ਦੀਆਂ ਫੜਾਂ ਮਾਰਦਾ ਸੀ। ਇਸ ਕੌਤਕ ਤੋਂ ਇਹ ਗਲ ਵੀ ਪ੍ਰਗਟ ਹੁੰਦੀ ਹੈ ਕਿ ਗੁਰੂ ਜੀ ਦੇ ਸਿਖ ਗੁਰੂ ਹੁਕਮਾਂ ਤੋਂ ਇਸ ਲਈ ਆਪਾ ਕੁਰਬਾਨ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਗੁਰੂ ਜੀ ਦੀ ਗੋਲੀ ਜਾਂ ਤੀਰ ਨਾਲ ਮਰਨਾਂ ਮੁਕਤ ਹੋਣਾ ਹੈ। ਇਹ ਕੌਤਕ 1699 ਦੀ ਵਿਸਾਖੀ ਤੋਂ ਪਿਛੋਂ ਦਾ ਹੈ। ਗੁਰੂ ਦੇ ਸਿਖਾਂ ਨੂੰ ਪਤਾ ਸੀ ਕਿ ਗੁਰੂ ਜੀ ਦਾ ਖੰਡਾ ਜਾਂ ਗੋਲੀ ਮੁਕਤੀ ਦਾ ਸੋਮਾਂ ਹੈ। ਜੇ ਗੁਰੂ ਸਾਹਿਬ ਨੇ ਖਾਲਸਾ ਸਾਜਣ ਵੇਲੇ ਪੰਜ ਸਿਖਾਂ ਨੂੰ ਆਪਣੇ ਖੰਡ ਨਾਲ ਮੁਕਤ ਕਰਕ ਜੀਆ ਦਾਨ ਨਾ ਦਿਤਾ ਹੁੰਦਾ, ਤਾਂ ਪਿਛੋਂ ਗੁਰੂ ਪਿਆਰੇ, ਗੁਰੂ ਦੇ ਸਿੱਖ ਕਿਉਂ ਦੌੜ ਦੌੜ ਕ ਸ਼ਹੀਦੀ ਦਾ ਬਾਟਾ ਪੀਣ ਨੂੰ ਤਿਆਰ ਹੁੰਦੇ ? ਅਸਲ ਵਿਚ ਸਾਨੂੰ ਪਤਾ ਹੈ ਕਿ ਗੁਰੂ ਦੇ ਹੁਕਮ ਲਈ ਮਰਨਾ ਹੀ ਸੱਦ ਜੀਵੇ ਹੋਣਾ ਹੈ।

ਸਿੱਖ-ਇਤਿਹਾਸ ਦੀ ਥੋੜੀ ਜੇਹੀ ਜਾਣਕਾਰੀ ਰਖਣ ਵਾਲੇ ਵੀਰ ਜਾਣਦੇ ਹਨ ਕਿ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਸਿੱਖ-ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਰਖਦੀ ਹੈ। ਆਪ ਨੇ ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਿਆ। ਬੀਕਾਨੇਰ ਬੈਠੇ ਜਦ ਆਪ ਨੂੰ ਪਤਾ ਲਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇ ਅਦਬੀ ਹੋ ਰਹੀ ਹੈ ਤਾਂ ਆਪ ਨੇ ਕੁਝ ਸਿੰਘਾਂ ਸਮੇਤ ਅਰਦਾਸ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਆਜ਼ਾਦ ਕਰਾਕੇ ਸ਼ਹੀਦ ਹੋਣਾ ਹੈ। ਪਰ ਸ੍ਰੀ ਅੰਮ੍ਰਿਤਸਰ ਤੋਂ ਤਿਨ ਮੀਲ ਉਤੇ ਹੀ ਮੁਗਲ ਸੈਨਾਂ ਦੇ ਜਰਨੈਲ ਨਾਲ ਆਪ ਦੀ ਟਕੱਰ ਹੋ ਗਈ ਕਈ ਘੰਟੇ ਲੜਦੇ ਦੋਨਾਂ ਸੂਰਮਿਆਂ ਦਾ ਸਿਰ ਧੜ ਤੋਂ ਅਡ ਹੋ ਗਿਆ। ਆਪ ਨੇ ਆਪਣਾ ਸੀਸ ਖੱਬੇ ਹੱਥ ਉਤੇ ਰਖਕੇ ਖੰਡਾ ਚਲਾਉਣਾ ਤੇ ਸ੍ਰੀ ਅੰਮ੍ਰਿਤਸਰ ਵਲ ਦੌੜਨਾ ਸ਼ੁਰੂ ਕਰ ਦਿਤਾ। ਇਹ ਵੇਖ ਕੇ ਕਿ ਸਿੰਘਾਂ ਦੇ ਮੁਰਦੇ ਵੀ ਸੀਸ ਚੁਕੇ ਕੇ ਲੜ ਰਹੇ ਹਨ, ਮੁਗਲ ਫੌਜਾਂ ਪੈਰ ਸਿਰ ਉਤੇ ਰਖਕੇ ਦੌੜ ਗਈਆਂ। ਆਪ ਤਿੰਨ*

www.AKJ.Org

# ਧ ਰ ਮ

(ਵਲੋਂ:—ਭਾ: ਅਜੀਤ ਸਿੰਘ ਜੀ 'ਕੋਟਾ'' ਰਾਜਿਸਥਾਨ)

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਧਰਮ ਦੇ ਅਰਥ ਕਰਦੇ ਹਨ ਧਰਮ ਸਭ ਤੋਂ ਉਹ ਹੀ ਉਤਮ ਹੈ ਜੋ ਪ੍ਰਭੂ ਬੰਦਗੀ ਦੇ ਨਾਲ ਨਾਲ ਸ਼ਭ ਕਰਮ ਕੀਤੇ ਜਾਣ। ਗੁਰੂ ਗ੍ਰੰਥ ਸਾਹਿਬ ਵਿਚ ਧਰਮ ਲਫਜ਼ ਅਨੇਕ ਵਾਰੀ ਪੜ੍ਹਨ ਵਿਚ ਆਉਂਦਾ ਹੈ। ਭਾਵ ਅਰਥ ਲਗਭਗ ਇਹੋ ਹੀ ਮਿਲਦੇ ਹਨ। ਵਰਤਮਾਨ ਕਾਲ ਵਿਚ ਧਰਮ ਲਫਜ਼ ਤੋਂ ਲੋਕ ਘਿਰਣਾ ਕਰਦੇ ਦੇਖੇ ਗਏ ਹਨ, ਇਨ੍ਹਾਂ ਲੋਕਾਂ ਦੀ ਗਿਣਤੀ ਬਹੁ ਸੰਮਤੀ ਵਿਚ ਹੈ।ਕਿਉਂਕਿ ਰੈਡੀਓ, ਸਿਨਮਾ, ਕਲੱਬਾਂ ਆਦਿ ਅਜ ਦੇ ਜੁਗ ਵਿਚ ਮੰਦਰ, ਮਸੀਤ, ਗੁਰਦਆਰੇ ਨਾਲੋਂ ਜ਼ਿਆਦਾ ਸਤਿਕਾਰੇ ਜਾਂਦੇ ਹਨ। ਇਨ੍ਹਾਂ ਥਾਵਾਂ ਉਤੇ ਧਰਮ ਦੀ ਸਿਖਿਆ ਦਾ ਕੀ ਕੰਮ, ਇਹ ਤਾਂ ਮਨ ਦੀ ਖੁਸ਼ੀ ਦੇ ਸਾਧਨ ਹਨ। ਮਨ ਜਿਹੜਾ ਕਿ ਕਾਮਿ, ਕਰੋਧ, ਲੋਭ, ਮੋਹ ਅਤੇ ਹੰਕਾਰ ਦਾ ਰਾਜਾ ਹੈ, ਤੇ ਕਦੀ ਭੀ ਆਪਣੀ ਡਿਊਟੀ ਤੋਂ ਕੁਤਾਹੀ ਨਹੀਂ ਕਰਦਾ ਸੋ ਧਰਮ ਤਾਂ, ਇਸਦਾ ਵੈਰੀ ਹੋਇਆ।

ਧਰਮ ਸਾਰੇ ਹੀ ਮੱਤਾਂ ਨੇ ਕਬੂਲ ਕੀਤਾ ਹੈ ਜੇਹਾ ਕਿ ਇਸਲਾਮ, ਹਿੰਦੂ, ਈਸਾਈ, ਜੈਨ, ਸਨਾਤਮ ਆਦਿ ਸਾਰਿਆਂ ਦੇ ਲਫਜ਼ੀ ਮਾਹਨੇ ਲਗ ਭਗ ਇਕ ਹੀ ਹਨ; ਪ੍ਰੰਤੂ ਅਫਸੋਸ ਇਸ ਗਲ ਦਾ ਹੈ ਕਿ ਅਜ ਕੋਈ ਭੀ ਮੱਤ ਇਸਨੂੰ ਫੈਲਾਉਣ ਤੋਂ ਸਮਰਥ ਨਹੀਂ ਹੋ ਰਿਹਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ ਪਹਿਲਾਂ ਇਹ ਕੇ ਧਰਮ ਦੇ ਆਗੂ ਆਪ ਇਸ ਦੀ ਪਾਲਨਾ ਨਾ ਕਰਦੇ ਹੋਣ

---

*ਮੀਲ ਦੌੜਦੇ ਗਏ ਤੇ ਖੰਡਾ ਚਲਾਉਂਦੇ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਹਦ ਅੰਦਰ ਆਪ ਨੇ ਸੀਸ ਰਖਿਆ ਤੇ ਲੰਮੇ ਪੈ ਗਏ। ਇਹ ਨਿਰਾਲਾ ਕੌਤਕ ਵਰਤਾ ਕੇ ਜਿਥੇ ਆਪ ਨੇ ਗੁਰਬਾਣੀ ਦਾ ਇਹ ਵਾਕ —

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।

ਪ੍ਰਤੱਖ ਸਾਬਤ ਕੀਤਾ, ਉਥੇ ਨਾਲ ਹੀ ਇਹ ਵੀ ਪ੍ਰਗਟ ਹੁੰਦਾ ਹੈ ਕਿ ਜਿਸ ਗੁਰੂ ਕੇ ਸਿੱਖ ਬਿਨਾਂ ਸੀਸ ਤੋਂ ਇਕਲੇ ਧੜ ਨਾਲ ਲੜ ਸਕਦੇ ਹਨ, ਕੀਤੀ ਅਰਦਾਸ ਪੂਰੀ ਕਰ ਸਕਦੇ ਹਨ, ਉਨ੍ਹਾਂ ਸਿੱਖਾਂ ਦਾ ਗੁਰੂ ਆਪਣ ਸਿੱਖਾਂ ਦੇ ਸੀਸ ਲੈਕੇ ਮੁੜ ਜੋੜ ਸਕਦਾ ਹੈ ਤੇ ਨਵ-ਜਨਮ ਬਖਸ਼ ਸਕਦਾ ਹੈ। ਜੇ ਗੁਰੂ ਦਾ ਸਿੱਖ ਨਾਮ ਬਾਣੀ ਤੇ ਅਰਦਾਸ ਦੇ ਆਸਰੇ ਬਿਨਾਂ ਸੀਸ ਧਰਮ ਯੁਧ ਕਰ ਸਕਦਾ ਹੈ, ਤਾਂ ਉਸੇ ਸਿੱਖ ਦਾ ਗੁਰੂ, ਜੋ ਨਾਮ ਬਾਣੀ ਦਾ ਸੋਮਾ ਹੈ, ਆਪਣੇ ਪਿਆਰਿਆਂ ਦੇ ਸਿਰ ਲੈਕੇ ਮੁੜ ਜੋੜ ਸਕਦਾ ਹੈ। ਪਿਆਰਿਓ ! ਜਿੱਥੇ ਗੁਰੂ ਦੇ ਨਾਮ ਰਸੀਆਂ ਦੀ ਖੇਡ ਨਿਰਾਲੀ ਹੈ; ਉਥੇ ਸਿੱਖਾਂ ਦੇ ਸਿਰਜਨਹਾਰ ਗੁਰਦੇਵ ਜੀ ਦੀ ਖੇਡ ਵੀ ਨਿਰਾਲੀ ਹੈ, ਜੋ ਆਮ ਸੰਸਾਰੀਆਂ ਦੀ ਮੱਤ ਤੋਂ ਪਰੇ ਹੈ।

—o—

www.AKJ.Org

ਸਿਖ ਧਰਮ ਨੂੰ ਹੀ ਲੈ ਲਉ, ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਸਾਰੇ ਦੇਸ ਭਰ ਵਿਚ ਸਨਮਾਨੇ ਗਏ ਹਨ, ਪ੍ਰੰਤੂ ਬਹੁਤ ਦੁਖ ਹੈ ਕਿ ਇਨ੍ਹਾਂ ਦੇ ਸੇਵਾਦਾਰ ਜਿਹੜੇ ਕੇ ਨਾਲ ਜਾਂਦੇ ਸਨ ਸ਼ਰਾਬ ਮਾਸ ਆਦਿ ਖਾਂਦੇ ਦੇਖੇ ਗਏ ਹਨ ਜਿਹੜਾ ਕੇ ਸਿਖ ਮਰਯਾਦਾ ਅਨੁਸਾਰ ਗਲਤ ਹੈ। ਗੁਰੂ ਨਾਨਕ ਮਿਸ਼ਨ ਦਾ ਮੰਤਵ ਹੀ ਧਾਰਮਕ ਯਾ ਸਮਾਜਕ ਸੁਧਾਰ ਹੈ ਜਿਸਨੂੰ ਕੇ ਅਜ ਸਾਰਾ ਸੰਸਾਰ ਅਪਣਾਹ ਰਿਹਾ ਹੈ ਇਹ ਧਰਮ ਦਾ ਪ੍ਰਕ੍ਰਿਤੀ-ਕੋਣ ਹੈ। ਧਰਮ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਆਪ ਲਿਖਦੇ ਹਨ—

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥

ਸਿਖ ਮਤ ਵਿਚ ਭੀ ਬਹੁਤ ਤਰੁਟੀਆਂ ਆ ਗਈਆਂ ਹਨ ਚੰਗੇ ੨ ਘਰਾਣੇ ਦੇ ਮੁੰਡ ਕੁੜੀਆਂ ਪੱਛਮੀਂ ਵਿਦਿਆ ਦੇ ਅਸਰ ਹੇਠ ਗੁਰਮਤਿ ਨੂੰ ਅਜ ਨੁਕਤਾ ਚੀਨੀ (criticism) ਕਰਦੇ ਦਖੇ ਗਏ ਹਨ ਕਿਉਂਕਿ ਉਹ ਫੈਸ਼ਨ ਪ੍ਰਸਤੀ ਦਾ ਪੂਰਾ ੨ ਮਾਣ ਪ੍ਰਾਪਤ ਨਹੀਂ ਕਰ ਸਕਦ ਜਦ ਕੇ ਗੁਰਬਾਣੀ ਵਿਚ ਸੰਕੇਤ ਕੀਤਾ ਗਿਆ ਹੈ—

ਕਾਇਆ ਰਤਿ ਬਹੁ ਰੂਪ ਰਚਾਈ,
ਤਿਨ ਕਉ ਦਿਆ ਸੁਪਨ ਭੀ ਨਾਹੀ ॥
ਜਿਨ ਧੁਰਿ ਮਸਤਕਿ ਲਿਖਿਆ,
ਤਿਨ ਸਤਿਗੁਰੁ ਮਿਲਿਆ ਆਇ ॥
ਤਾ—ਗੁਰ ਸੇਵਾ ਤੇ ਨਾਮੇ ਲਾਗਾ ॥
ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥
(ਗਉੜੀ ਮ:੫)

ਧਰਮ ਤੋਂ ਮੁਖ ਮੋੜਣਾ ਮੰਦੇ ਭਾਗਾਂ ਦੀ ਨਿਸ਼ਾਨੀ ਹੈ, ਆਧਰਮ ਦਾ ਭਾਵ ਪਸ਼ੂ ਪੁਣਾ ਹੈ। ਮਾਨੁਸ਼ ਦੇਹ ਤਾਂ ਇਸ ਵਡਭਾਗੀ ਨੂੰ ਮਿਲਗਈ ਪਿਛਲੇ ਕਰਮਾਂ ਕਰਕੇ ਹੁਣ ਇਹ ਇਸ ਨੂੰ ਧਰਮ ਵੀਚਾਰ ਕਿਸ ਤਰ੍ਹਾਂ ਆਵੇ ਜਦ ਕੇ ਇਸ ਦੀ ਬੁਧੀ ਦਾ ਸੀਸ਼ਾ ਹੀ ਪੁਠਾ ਹੋ ਚੁਕਿਆ ਹੈ ਕਿਉਂਕਿ ਇਹ ਵੱਡਾ ਠੇਕੇਦਾਰ, ਅਫਸਰ (Bose) ਬਣਿਆ ਹੋਇਆ ਹੈ ਮਾਇਆ ਇਹਦੇ ਚੋਵੀ ਘੰਟੇ ਅੱਗੇ ਪਿਛੇ ਫਿਰਦੀ ਹੈ ਗੁਰਬਾਣੀ ਵਿਚ ਆਇਆ ਹੈ 'ਮਾਇਆ ਧਾਰੀ ਅਤਿ ਅੰਨ੍ਹਾ ਬੋਲਾ ਸ਼ਬਦ ਨ ਸੁਣਈ ਬਹੁ ਰੋਲ ਘਚੋਲਾ ॥' ਇਹ ਇਸਦੇ ਬਸ ਦੀ ਗਲ ਨਹੀਂ ਕੀਤੇ ਕਰਮਾਂ ਦਾ ਫਲ ਹੈ। ਆਦਮੀਂ ਦੀ ਬੁਧੀ ਨੂੰ ਸ਼ੀਸ਼ੇ ਦੀ ਤਰਜੀਹ ਦਿਤੀ ਗਈ ਹੈ; ਪਹਿਲੀ ਸ਼ਰਣੀ ਵਿਚ ਆਦਮੀ ਦੀ ਬੁਧੀ ਦਾ ਸ਼ੀਸ਼ਾ ਪੁਠਾ (ਮੂੜ ਮਨੁਖ), ਦੂਜੀ ਸ਼ਰੇਣੀ ਵਿਚ ਸ਼ੀਸ਼ਾ ਸਿਧਾ ਪਰ ਮੈਲਾ ਹੈ (ਆਸਤਕ ਖਿਆਲੀ। ਤੀਜੀ ਸ਼ਰੇਣੀ ਵਿਚ ਸ਼ੀਸ਼ਾ ਸਿਧਾ ਤੇ ਸਾਫ ਮਹਾਂ ਪੁਰਸ਼ ਜਨ) ਆਉਂਦੇ ਹਨ ਪਹਿਲੇ ਦਰਜੇ ਦੇ ਲੋਕਾਂ ਨੂੰ ਤਾਂ ਮਾਇਆ ਵਿਚ ਲਗਨ ਰਹੀ, ਦੂਜੇ ਦਰਜੇ ਦੇ ਲੋਕ ਕੁਝਕੁ ਆਪਣਾ ਭਾਰ ਹੋਲਾ ਕਰ ਗਏ, ਤੀਜੇ ਦਰਜੇ ਦੇ ਲੋਕ ਸੰਸਾਰ ਦੇ ਭਲੇ ਲਈ ਜੀਵਤ ਰਹੇ (ਜਨ ਪਰਉਪਕਾਰੀ ਆਏ)। ਆਪ ਹੀ ਅੰਦਾਜ਼ਾ ਲਾ ਲਉ ਕਿਸ ਸ਼ਰੇਣੀ ਵਿਚ ਮਨੁਖ ਨੂੰ ਆਪਣਾ ਜੀਵਨ ਢਾਲਣਾ ਚਾਹੀਦਾ ਹੈ। ਮੇਰੀ ਤੁਛ ਬੁਧੀ ਅਨੁਸਾਰ ਇਹ ਸਾਰਾ ਸਿਲਸਿਲਾ ਪਿਛਲੇ ਕਰਮਾਂ ਦਾ ਫਲ ਹੈ ਗੁਰਬਾਣੀ ਵਿਚ ਕਈ ਥਾਵਾਂ ਤੇ ਲਿਖਿਆ ਹੈ—

ਜਿਨ ਕੇ ਚਿਤ ਕਠੋਰ ਹਹਿ ।
ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ, ਕੂੜਿਆਰਾ ਚਿਤ ਉਦਾਸਿ ॥

ਧਰਮ, ਜੀਵਨ ਦੇ ਦੋਵੇਂ ਪਾਸੇ ਉਨਤ ਕਰਨ ਵਿਚ, ਅਰੰਭ ਤੋਂ ਮਨੁਖ ਅਤੇ ਮਨੁਖੀ ਲਹਿਰਾਂ ਦਾ ਸਾਥੀ ਰਿਹਾ ਹੈ। ਦੁਨੀਆਂ ਦੇ ਇਤਿਹਾਸ ਵਿਚ ਕੋਈ ਲਹਿਰ ਐਸੀ ਨਹੀਂ, ਜਿਸਦਾ ਪਰੇਰਕ ਸੰਚਾ-*

www.AKJ.Org

# ਵਾਹਿਗੁਰੂ ਗੁਰਮੰਤ੍ਰ ਹੈ

[ ਵਲੋਂ:—ਡਾ: ਦਵਿੰਦਰ ਸਿੰਘ ਜੀ [ਲਸ਼ਕਰ] ਗਵਾਲੀਅਰ ]

## ਮੰਤ੍ਰ ਕਿਸਨੂੰ ਕਹਿੰਦੇ ਹਨ

ਮੰਤ੍ਰ ਸੰਸਕ੍ਰਿਤ ਦਾ ਪੰਦ ਹੈ, ਮੰਤ੍ਰ ਵਿਚ ਬੇਨਤੀ ਤੇ ਉਸਤਤਿ ਦੇ ਭਾਵ ਹੁੰਦੇ ਹਨ। ਇਸ ਮੰਤ੍ਰ ਪਦ ਨੂੰ ਬਹੁਤਾ ਤੰਤ੍ਰ ਵਿਦਿਯਾ ਵਾਲਿਆਂ ਨੇ ਵਰਤਿਆ ਹੈ, ਉਹ ਮੰਤ੍ਰ ਉਸ ਸ਼ਬਦਿ ਨੂੰ ਕਹਿੰਦੇ ਹਨ ਜਿਸ ਨਾਲ ਵੱਖੋ ਵੱਖਰੇ ਦੇਵਤਿਆਂ ਨੂੰ ਜਪਕੇ, ਉਹਨਾਂ ਦੇਵਤਿਆਂ ਨੂੰ ਪ੍ਰਸੰਨ ਕਰਕੇ ਉਹਨਾਂ ਕੋਲੋਂ ਆਪਣੀਆਂ ਮਨ ਇਛਤ ਕਾਮਨਾਵਾਂ ਦੀ ਸਿਧੀ ਵਾਸਤੇ ਮੰਤ੍ਰਾਂ ਦਾ ਉਚਾਰਨ ਕਰਦੇ ਹਨ।

ਪਰੰਤੂ ਗੁਰਬਾਣੀ ਵਿਚ ਇਸ ਪ੍ਰਕਾਰ ਦੇ ਮੰਤ੍ਰਾਂ ਦਾ ਖੰਡਨ ਕੀਤਾ ਹੈ—

ਯਥਾ:—ਤੰਤੁ ਮੰਤੁ ਪਾਖੰਡੁ ਨ ਜਾਣਾ,
ਰਾਮੁ ਰਿਦੈ ਮਨੁ ਮਾਨਿਆ ॥

ਪਰ ਮੰਤ੍ਰ ਪਦ ਬਹੁਤ ਸਾਰੇ ਸ਼ਬਦਾਂ ਵਿਚ ਜਹੜੇ ਕਿ ਗੁਰਬਾਣੀ ਵਿਚ ਆਏ ਹਨ, ਅਕਾਲ ਪੁਰਖ ਦੀ ਮਹਿਮਾ, ਉਸਤਤਿ, ਵਾਸਤੇ ਵੀ ਆਇਆ ਹੈ।

ਯਥਾ—ਸੁਖ ਨਿਧਾਨ ਨਾਮੁ ਪ੍ਰਭਿ ਤੁਮਰਾ,
ਏਹੁ ਅਬਿਨਾਸੀ ਮੰਤ੍ਰ ਲੀਓ ॥

ਗੁਰਿ ਹਰਿ ਹਰਿ ਨਾਮੁ ਮੋਹ ਮੰਤ੍ਰ ਦ੍ਰਿੜਾਇਆ ॥

## ਗੁਰਬਾਣੀ ਵਿਚ ਆਏ ਮੰਤ੍ਰ ਪਦ ਦਾ ਪ੍ਰਯੋਜਨ

ਕੇਵਲ ਇਕ ਅਕਾਲ ਪੁਰਖ ਦੀ ਪ੍ਰਾਪਤੀ ਕਰਨਾ ਹੈ, ਅਤੇ ਗੁਰਬਾਣੀ ਵਿਚ ਜਿਥੇ ਵੀ ਮੰਤ੍ਰ ਪਦ ਆਇਆ ਹੈ, ਉਥੇ ਕੇਵਲ ਅਕਾਲ ਪੁਰਖ ਦੀ ਪ੍ਰਾਪਤੀ ਵਾਸਤੇ ਆਇਆ ਹੈ, ਕਿਸੇ ਵੀ ਦੇਵੀ ਦੇਵਤੇ ਵਾਸਤੇ ਨਹੀਂ ਆਇਆ,ਕਿਉਂ ਜੁ ਸਭ ਦੇਵੀ ਦੇਵਤੇ ਅਕਾਲ ਪੁਰਖ ਜੀ ਦੇ ਥਾਪੇ ਹੋਏ ਹਨ, ਅਤੇ ਗੁਰਮਤਿ ਵਿਚ ਅਕਾਲ ਪੁਰਖ ਤੋਂ ਸਿਵਾ

---

*ਲਕ ਤੇ ਸਹਾਇਕ ਧਰਮ ਨਾ ਰਿਹਾ ਹੋਵੇ। ਪ੍ਰੇਮ ਤੇ ਧਰਮ ਦੀ ਅਤੁਟ ਸਾਂਝ ਹੈ। ਸਿਖ ਧਰਮ ਭੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਧਰਮ ਦੇ ਮੁਢਲ ਭਾਵ ਨੂੰ ਸੁਰਜੀਤ ਕਰਨ ਦਾ ਯਤਨ ਕਰਦਾ ਰਿਹਾ ਹੈ ਇਸ ਲਈ ਸਿਖ ਧਰਮ ਜ਼ਾਲਮ ਦੇ ਜ਼ੁਲਮ ਧੱਕੜ ਦੇ ਧੱਕੇ ਨਾਲ ਟੱਕਰ ਲੈਂਦੇ ਆਇਆ ਹੈ। ਤਾਂ ਫਿਰ ਹਰ ਪ੍ਰਾਣੀ ਨੂੰ ਕਿਸੇ ਨ ਕਿਸੇ ਧਰਮ ਦੇ ਅਸੂਲਾਂ ਨੂੰ ਮੁਖ ਰਖਕੇ ਜੀਵਨ ਦਾ ਸਹੀ ਮਨੋਰਥ ਪੂਰਾ ਕਰਨਾ ਚਾਹੀਦਾ ਹੈ ਜ ਸਿਖ ਘਰ ਵਿਚ ਜਮਕੇ ਇਕ ਪ੍ਰਾਣੀ ਦੇਖਣ ਵਿਚ ਤਾਂ ਸਿਖ ਹੈ ਪਰ ਨਾਸਤਕ ਭਾਵਨਾ ਰਖਦਾ ਹੈ ਦੂਜਾ ਪ੍ਰਾਣੀ ਮੁਸਲਮਾਨ ਦੇ ਘਰ ਜੰਮਕੇ ਪੰਜ ਨਵਾਜ਼ਾਂ ਕਰਦਾ ਹੈ ਪਹਿਲੇ ਨਾਲੋਂ ਲਖ ਦਰਜੇ ਚੰਗਾ ਹੈ। ਅਫਸੋਸ ਇਸ ਗਲ ਦਾ ਹੈ ਕੇ ਧਰਮ ਦੀ ਓਟ ਲੇਕੇ ਅਜ ਮਨੁਖ ਪਾਲੇਟਿਕਸ ਵਿਚ ਖਚਤ ਹੋ ਰਿਹਾ ਹੈ ਇਹ ਧਰਮ ਦਾ ਕਸੂਰ ਨਹੀਂ ਮਨੁਖ ਦਾ ਕਸੂਰ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਖ ਲਈ ਨਹੀਂ ਬਲਕੇ ਸਾਰੇ ਜਗਤ ਲਈ ਗੁਰੂ ਗ੍ਰੰਥ ਸਾਹਿਬ ਦੀ ਦੇਣ ਦਿਤੀ, ਉਸਦਾ ਲਾਭ ਉਠਾਉਣਾ ਯਾ ਨ ਸਾਡੇ ਤੇ ਹੈ॥


www.AKJ.org

ਕਿਸੇ ਵੀ ਦੇਵੀ ਦੇਵਤੇ ਦੀ ਪੂਜਾ ਨਹੀਂ ਦਸੀ ਹੈ।

ਮੰਤ੍ਰ ਪਦ ਗੁਰਬਾਣੀ ਵਿਚ ਚਾਰ ਪ੍ਰਕਾਰ ਦਾ ਆਇਆ ਹੈ।

(੧) ਬੀਜ ਮੰਤ੍ਰ (੨) ਮੂਲਮੰਤ੍ਰ (੩) ਮੰਤ੍ਰ (੪) ਗੁਰਮੰਤ੍ਰ ।

## ਬੀਜ ਮੰਤ੍ਰ

ਸੰਸਾਰ ਦੀ ਹਰ ਵਸਤੂ ਦਾ ਜਨਮ ਬੀਜ ਤੋਂ ਹੁੰਦਾ ਹੈ, ਇਸੇ ਤਰ੍ਹਾਂ ਹੀ ਸੰਸਾਰ ਦੀ ਉਤਪਤੀ ਦਾ ਭੀ ਬੀਜ ਹੈ ਜੇਹੜਾ ਕਿ 'ੳ' ਦਸਿਆ ਹੈ ਸੋ ੳ ਬੀਜ ਰੂਪ ਦਸਿਆ ਹੈ, ਗੁਰਮਤਿ ਵਿਚ ਇਸ 'ੳ' ਨੂੰ ਪਹਿਲੇ ੧ ਦੇਕੇ ਸੰਪੂਰਨ ੴ ਕੀਤਾ ਤੇ ਇਹ ੴ ਬੀਜਮੰਤ੍ਰ ਬਨਿਆ, ਜੇਹੜਾ ਕਿ ਚਾਰਾਂ ਵਰਣਾਂ ਵਾਸਤੇ ਸਾਂਝਾ ਹੈ।

ਯਥਾ–ਬੀਜ ਮੰਤ੍ਰ ਸਰਬ ਕੋ ਗਿਆਨੁ,
ਚਹੁ ਵਰਨਾ ਮਹਿ ਜਪੈ ਕੋਊ ਨਾਮੁ॥

## ਮੂਲ ਮੰਤ੍ਰ

ਬੀਜ ਦੇ ਵਿਕਾਸ ਤੋਂ ਹੀ ਮੂਲ ਬਨਦੀ ਹੈ, ਇਸ ੴ ਬੀਜ ਰੂਪ ਤੋਂ ਅਗੇ ਮੂਲ ਰੂਪ ਸਤਿਨਾਮ ਤੋਂ ਲੈ ਕਰ ਗੁਰ ਪ੍ਰਸਾਦਿ ਤਕ ਮੂਲ ਮੰਤ੍ਰ ਹੈ। ਭਾਈ ਗੁਰਦਾਸ ਜੀ ਇਸਤਰ੍ਹਾਂ ਲਿਖਦੇ ਹਨ, ਵਾਰ ੭-੧੯ ਵਿਚ।

"ਸਤਿਨਾਮ ਕਰਤਾ ਪੁਰਖ, ਮੂਲ ਮੰਤ੍ਰ ਸਿਮਰਨ ਪਰਵਾਣੈ।।"

## ਮੰਤ੍ਰ

ਗੁਰਬਾਣੀ ਵਿਚ ਜਿਤਨੇ ਵੀ ਨਾਮ ਅਕਾਲ ਪੁਰਖ ਦੀ ਉਸਤਤਿ ਵਾਸਤੇ ਆਏ ਹਨ ਉਹ ਮੰਤ੍ਰ ਹਨ।

ਯਥਾ–ਗੁਰ ਹਰਿ ਹਰਿ ਨਾਮੁ ਮੋਹਿ ਮੰਤ੍ਰ ਦਿੜਾਇਆ॥
ਨਾਮੁ ਜਪੈ ਜਪਿ ਜੀਵਣਾ ਗੁਰਿ ਮੰਤ੍ਰ ਦ੍ਰਿੜਾਇਆ॥

ਸੋ ਗੁਰਮਤਿ ਵਿਚ ਅਕਾਲਪੁਰਖ ਦੇ ਜਿਸ ਵੀ ਨਾਮ ਦਾ ਸਿਮਰਣ ਕੀਤਾ ਜਾਵੇ ਉਸਨੂੰ ਮੰਤ੍ਰ ਆਖਿਆ ਹੈ।

## ਗੁਰ ਮੰਤ੍ਰ

ਇਸ ਨੂੰ ਮਹਾਂ ਮੰਤ੍ਰ, ਗੁਰ ਸ਼ਬਦਿ, ਤੇ ਨਾਮ ਭੀ ਆਖਦੇ ਹਨ।

ਯਥਾ :— ਮਹਾ ਮੰਤ੍ਰ ਗੁਰ ਹਿਰਦੈ ਬਸਿਓ,
ਅਚਰਜ ਨਾਮੁ ਸੁਨਿਓ ਰੀ॥
ਵੇਦ ਕਤੇਬ ਅਗੋਚਰਾ, ਵਾਹਿਗੁਰ ਗੁਰਸ਼ਬਦਿ ਸੁਨਾਇਆ॥
ਵਾਹਿਗੁਰੂ ਗੁਰਮੰਤ੍ਰ ਹੈ, ਜਪ ਹਉਮੈ ਖੋਈ॥

ਸੋ ਗੁਰਮਤਿ ਵਿਚ ਦਸਿਆ ਗੁਰਮੰਤ੍ਰ ਸਾਰੇ ਦਸੇ ਹੋਏ ਮੰਤ੍ਰਾਂ ਵਿਚੋਂ ਸਰੇਸ਼ਟ ਹੈ, ਅਧਿਕ ਫਲ-ਦਾਇਕ ਹੈ ਕਿਉਂ ਜੁ ਹੋਰ ਸਾਰੇ ਨਾਮ ਸਤਿਗੁਰ ਜੀ ਨੇ ਕ੍ਰਿਤਮ ਦਸੇ ਹਨ।

ਯਥਾ :—ਕ੍ਰਿਤਮ ਨਾਮ ਕਥੇ ਤੇਰੀ ਜਿਹਬਾ,
ਸਤਿਨਾਮੁ ਤੇਰਾ ਪਰਾ ਪੂਰਬਲਾ॥

ਇਹ ਵਾਹਿਗੁਰੂ ਗੁਰਮੰਤ੍ਰ ਸਤਿਗੁਰ ਨਾਨਕ ਦੇਵ ਜੀ ਨੇ ਬਖਸ਼ਿਆ ਹੈ ਜਿਸਨੂੰ ਭਾਈ ਗੁਰਦਾਸ ਜੀ ਵਾਰ ੨੯ ਵਿਚ ਲਿਖਿਆ ਹੈ :—

ਬੇਦ ਕਤੇਬ ਅਗੋਚਰਾ, ਗੁਰ ਸ਼ਬਦਿ ਸੁਨਾਇਆ॥
ਸਤਿਗੁਰ ਪੁਰਖ ਦਾਇਆਲੁ ਹੋਇ, ਵਾਹਿਗੁਰ ਸਚ ਮੰਤ੍ਰ ਸੁਣਾਯਾ॥

## ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ :—

ਜਿੰਨੇ ਵੀ ਸਰਗੁਨ ਜਾਂ ਨਿਰਗੁਨ ਨਾਮ ਦਸੇ ਹਨ। ਉਹਨਾਂ ਸਾਰਿਆਂ ਤੋਂ ਉਚਾ ਵਾਹਿਗੁਰੂ ਨਾਮ ਇਸ ਤਰਾਂ ਹੈ ਜਿਸ ਤਰਾਂ ਕਿ ਪਰਬਤਾਂ ਵਿਚੋਂ ਸੁਮੇਰ ਪਰਬਤ ਸਭ ਤੋਂ ਉਚਾ ਹੈ ਯਥਾ :—

ਦੋਹਰਾ :—ਨਿਰਗੁਨ ਸਰਗੁਨ ਨਾਮ ਜੋ ਵਾਹਿਗੁਰੂ ।ਤਨ ਮੇਰੁ॥
ਸਭ ਤੇ ਉਚਾ ਜਾਨੀਏ ਲੇਤ ਨਾ ਕੀਜੈ ਦੇਰ॥

## ਵਾਹਿਗੁਰੂ ਬੀਜ ਮੰਤ੍ਰ ਦੀ ਵਿਸ਼ੇਸ਼ਤਾ

ਚਤੁਰ ਬੀਜ ਚਹੁ ਜੁਗ ਕੇ ਕਾਢੇ,
ਵੀਜ ਪ੍ਰਤਾਪ ਜੁਗਨ ਬਲ ਬਾਢੇ॥
ਚਰ ਪਦਾਰਥ ਵੀਜ ਮਹੀਪੁਨ,
ਪ੍ਰਣਵਾਦਿ ਪ੍ਰਗਟੇ ਹੈਂ ਧਰ ਧਨ॥

ਭਾਵ ਇਹ ਬੀਜ ਰੂਪੀ ਚਾਰ ਅਖਰ ਚਾਰ ਜੁਗਾਂ ਦੇ ਸਿਮਰਨ ਦਾ ਪਹਿਲਾ ੨ ਅਖਰ ਲੈਕੇ


www.AKJ.Org

ਇਹ ਜੁਗਾਂ ਦੇ ਸਿਮਰਨ ਨੂੰ ਇਕਠਾ ਕਰਕੇ ਬਨਾਇਆ ਹੈ ਇਸ ਕਰਕੇ ਵਿਸ਼ੇਸ਼ ਹੈ।

ਇਸ ਚੋਅਖਰੇ ਗੁਰਮੰਤਰ ਦਾ ਪ੍ਰਯੋਜਨ ਕੇਵਲ ਅਕਾਲ ਪੁਰਖ ਦੀ ਪ੍ਰਾਪਤੀ ਹੈ. ਜਦ ਕਿ ਦੂਸਰੇ ਮੰਤਰਾਂ ਦਾ ਪ੍ਰਯੋਜਨ ਦੇਵੀ ਦੇਵਤਿਆਂ ਨੂੰ ਪੂਜਨ ਕਰਕੇ ਮਨ ਇਛਤ ਵਸਤੂਆਂ ਦੀ ਪ੍ਰਾਪਤੀ ਕਰਨੀ ਹੈ। ਕਿਉਂ ਕਿ ਇਹ ਸਾਰੇ ਦੇਵੀ ਦਵਤੇ ਅਕਾਲ ਪੁਰਖ ਦੇ ਥਾਪੇ ਹਨ ਅਤੇ ਸਾਰੇ ਉਸ ਦੇ ਹੁਕਮ ਵਿਚ ਹਨ ਇਸ ਕਰਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਹੀ ਅਧਿਕ ਵਿਸ਼ੇਸ਼ਤਾ ਰਖਦਾ ਹੈ।

ਵਾਹਿਗੁਰੂ ਬੀਜ ਮੰਤਰ ਦੇ ਚਾਰੇ ਅਖਰ ਬੀਜ ਰੂਪ ਹਨ, ਜਦ ਕਿ ਹੋਰ ਕਿਸੇ ਮੰਤਰ ਦੇ ਅਖਰ ਇਸ ਤਰਾਂ ਬੀਜ ਰੂਪ ਨਹੀਂ ਹਨ, ਕਿਸੇ ਵੀ ਜੁਗ ਦਾ ਐਸਾ ਗੁਰਮੰਤ੍ਰ ਨਹੀਂ ਹੈ।

ਚਾਰ ਜੁਗਾਂ ਦਾ ਸਿਮਰਨ (ਵਾਸਦੇਵ ਹਰਿ, ਰਾਮ ਗੋਬਿਦ) ਸੀ, ਇਹ ਚਾਰੇ ਨਾਮ ਅਕਾਲ ਪੁਰਖ ਦੀ ਸਿਫ਼ਤਾਂ ਵਾਲ ਹਨ, ਅਤੇ ਇਹਨਾਂ ਦਾ ਹੀ ਪਹਿਲਾ ੨ ਅਖਰ ਲੈਕ ਸਤਿਗੁਰ ਨਾਨਕ ਦੇਵ ਜੀ ਨੇ ਵਾਹਿਗੁਰੂ ਗੁਰਮੰਤਰ ਬਨਾਇਆ ਹੈ, ਇਸ ਗੁਰਮੰਤਰ ਦੀ ਕਿਡੀ ਭਾਰੀ ਵਿਸ਼ੇਸ਼ਤਾ ਹੈ, ਇਹ ਫਿਰ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਸੋ ਇਹ ਗੁਰਮੰਤਰ ਬੜਾ ਭਾਰੀ ਹੈ, ਬਹੁਤ ਵਡਾ ਹੈ, ਇਸ ਨੂੰ ਸਿਮਰਨ ਕਰਨ ਵਿਚ ਢਿਲ ਨਹੀਂ ਕਰਨੀ ਚਾਹੀਦੀ।

ਨੋਟ:—ਬਹੁਤ ਸਾਰੇ ਸਜਨਾਂ ਦਾ ਵਿਚਾਰ ਹੈ ਕਿ 'ਵਾਹਿਗੁਰੂ' ਗੁਰਮੰਤ੍ਰ ਦੇ ਜੋ ਚਾਰ ਅਖਰ ਹਨ ਇਹ ਚਾਰ ਜੁਗਾਂ ਦੇ ਜੋ ਚਾਰ ਅਵਤਾਰ ਹੋਏ ਹਨ, ਉਹਨਾਂ ਦੇ ਨਾਵਾਂ ਦਾ ਪਹਿਲਾ ੨ ਅਖਰ ਲੈਕਰ ਇਹ ਗੁਰਮੰਤਰ ਬਨਾਇਆ ਹੈ?

ਆਉ ਅਸੀਂ ਵੀਚਾਰ ਕਰੀਏ ਕਿ ਇਹ ਗਲ ਕਿਥੋਂ ਤਕ ਸਹੀ ਹੈ।

ਭਾ: ਸਾਹਿਬ ਭਾਈ ਗੁਰਦਾਸ ਜੀ ਨੇ ਇਸ ਨੂੰ ਹੋਰ ਵੀ ਖੋਲ੍ਹ ਕੇ ਲਿਖ ਦਿਤਾ ਹੈ।

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ॥
ਦੁਆਪੁਰਿ ਸਤਿਗੁਰ ਹਰੀ ਕ੍ਰਿਸ਼ਨ, ਹਾਹਾ ਹਰਿ ਹਰਿ ਨਾਮ ਜਪਾਵੈ॥
ਤ੍ਰੇਤੇ ਸਤਿਗੁਰ ਰਾਮ ਜੀ, ਰਾਰਾ ਰਾਮ ਜਪੇ ਸੁਖੁ ਪਾਵੈ॥
ਕਲਿਜੁਗਿ ਨਾਨਕ ਗੁਰ ਗੋਬਿੰਦ, ਗਗਾ ਗੋਬਿੰਦ ਨਾਮ ਲਆਵੈ॥
ਚਾਰੇ ਜਾਗੇ ਚਹੁ ਜੁਗੀ, ਪੰਚਾਇਣ ਵਿਚਿ ਜਾਇ ਸਮਾਵੈ॥
ਚਾਰੋ ਅਖਰ ਇਕੁ ਕਰਿ, ਵਾਹਿਗੁਰੂ ਜਪ ਮੰਤ੍ਰ ਜਪਾਵੈ॥
ਜਹਾ ਤੇ ਉਪਜਿਆ ਫਿਰਿ ਤਹਾਂ ਸਮਾਵੈ॥ ੪੯॥ ੧॥

ਸੋ ਭਾਈ ਗਰਦਾਸ ਜੀ ਇਸ ਪਉੜੀ ਵਿਚ ਸਾਫ ਲਿਖਦੇ ਹਨ ਕਿ ਸਤਿਜੁਗ ਵਿਚ ਵਿਸ਼ਨਾ ਨਾਮ ਜਪਾਇਆ, ਦੁਆਪਰਿ ਹਰੀ, ਤ੍ਰੇਤੇ ਵਿਚ ਰਾਮ, ਅਤੇ ਕਲਿਜੁਗ ਵਿਚ ਗੋਬਿੰਦ ਨਾਮ ਦਾ ਜਾਪ ਜਪਿਆ ਜਾਂਦਾ ਸੀ। ਧੰਨ ਗੁਰੂ ਨਾਨਕ ਜੀ ਨੇ ਇਹਨਾਂ ਚਾਰਾਂ ਜੁਗਾਂ ਦੇ ਜਾਪ ਦਾ ਪਹਿਲਾ ਪਹਿਲਾ ਅਖਰ ਬੀਜ ਰੂਪ ਲੈ ਕੇ "ਵਾਹਿਗੁਰੂ" ਗੁਰਮੰਤ੍ਰ ਬਨਾਇਆ ਹੈ, ਅਤੇ ਇਸ ਤਰਾਂ ਇਹ ਚਾਰੇ ਜੁਗਾਂ ਦਾ ਸਿਮਰਨ ਪੰਜਵੇਂ ਸਿਮਰਨ ਵਿਚ ਚਲਾ ਗਿਆ ਅਤੇ ਇਸ ਪੰਜਵ ਸਿਮਰਨ ਨੂੰ ਜੋ ਜਪੇਗਾ ਉਹ ਮੁਕਤੀ ਪ੍ਰਾਪਤ ਕਰੇਗਾ, ਪਰਮਜੋਤਿ ਵਿਚ ਜਾ ਸਮਾਵੇਗਾ।

ਇਹ ਜੋ ਚਾਰ ਅਖਰਾਂ ਵਾਲਾ "ਵਾਹਿਗੁਰੂ" ਗੁਰਮੰਤ੍ਰ ਹੈ ਇਹ ਜੀਵ ਮਾਤ੍ਰ ਰਸਨਾ ਦੁਆਰਾ ਸਿਮ-ਰਨ ਦਾ ਵਿਸ਼ਯ ਹੈ। ਇਹ ਗੁਰਮੰਤ੍ਰ ਐਸਾ ਹੈ ਜੋ ਮਾਨੋ ਜੀਵ ਦੀ ਬੋਲੀ ਵੀ ਜਾਣਦਾ ਹੈ ਤੇ ਪ੍ਰਮਾਤਮਾ ਦੀ ਬੋਲੀ ਵੀ ਜਾਣਦਾ ਹੈ, ਅਤੇ ਪ੍ਰਮਾਤਮਾ ਦੇ ਸਰੂਪ ਨੂੰ ਅਪਨੇ ਅੰਦਰ ਰਖਦਾ ਹੈ, ਇਸ ਕਰਕੇ ਜੇ ਕੋਈ ਪਰਮੇਸ਼ੁਰ ਨੂੰ ਮਿਲਨਾ ਚਾਹਵੇ ਤਾਂ ਇਸ ਗੁਰਮੰਤ੍ਰ ਦਾ ਸਹਾਰਾ ਲਵੇ, ਇਸਨੂੰ ਵਿਚੋਲਾ ਬਣਾਵੇ, ਤਾਂ ਫਿਰ ਜਲਦੀ ਹੀ ਪਰਮਾਤਮਾ ਨੂੰ ਪਰਾਪਤ ਕਰ ਲਵੇਗਾ।

ਇਹ ਗੁਰਮੰਤਰ ਬੜਾ ਭਲਾ ਵਿਚੋਲਾ ਹੈ ਜੇਹੜਾ ਜੀਵ ਨੂੰ ਪਰਮੇਸ਼ਵਰ ਨਾਲ ਮਿਲਾਉਂਦਾ ਹੈ।

ਕਿਉਂ ਜੁ ਜੀਵ ਖਰੀਦਾਰ ਹੈ।

ਪਰਮਾਤਮਾ ਵਿਆਪਾਰੀ ਹੈ, ਜਿਸ ਦੇ ਪਾਸ ਵਸਤੂ ਵੇਚਣ ਵਾਸਤੇ ਹੈ।


www.AKJ.org

ਵਸਤੂ ਹੈ ਪਰਮ ਪਦ, ਮੁਕਤੀ।

ਵਿਚੋਲਾ ਹੈ ਇਹ ਚੋਅਖਰਾ ਗੁਰਮੰਤ੍ਰ, ਜਿਹੜਾ ਕਿ ਖਰੀਦਾਰ ਜੀਵ ਨੂੰ ਵਿਆਪਾਰੀ ਪਰਮੇਸ਼ੁਰ ਨਾਲ ਮਿਲਾਉਂਦਾ ਹੈ।

ਪਰ ਇਹ ਗੁਰਮੰਤ੍ਰ ਵੀ ਵਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਜਦੋਂ ਮਿਹਰ ਹੋਵੇ, ਬਖਸ਼ਿਸ਼ ਹੋਵੇ, ਤਾਂ ਹੀ ਇਹ ਗੁਰਮੰਤ੍ਰ ਪ੍ਰਾਪਤ ਹੁੰਦਾ ਹੈ ਅਤੇ ਕਈ ਵਾਰੀ ਐਸਾ ਹੁੰਦਾ ਹੈ ਕਿ ਨਾਮ ਪ੍ਰਾਪਤ ਹੋਣ ਤੋਂ ਬਾਦ ਵੀ ਹਿਰਦੇ ਵਿਚ ਨਾਮ ਟਿਕਦਾ ਨਹੀਂ, ਕਾਰਨ ਇਹਕਿ ਜਗਿਆਸੂ ਦਾ ਹਿਰਦੈ ਰੂਪੀ ਭਾਂਡਾ ਸ਼ੁਧ ਨਹੀਂ ਹੁੰਦਾ, ਜਿਉਂ ਜਿਉਂ ਇਹ ਭਾਂਡਾ ਸ਼ੁਧ ਹੋਵੇਗਾ ਉਤਨੀ ਜਲਦੀ ਹੀ ਨਾਮ ਦੀ ਕਲਾ ਵਰਤੇਗੀ, ਨਾਮੁ ਹਿਰਦੇ ਵਿਚ ਟਿਕੇਗਾ। ਫਿਰ ਜਿਉਂ ਜਿਉਂ ਨਾਮੁ ਦਾ ਨਿਵਾਸ ਅੰਦਰ ਵਸੇਗਾ ਉਥੇ ਨਾਮੀ (ਨਾਮ ਦਾਤਾ) ਆਪ ਨਿਵਾਸ ਕਰੇਗਾ, ਅਤੇ ਜਿਥੇ ਨਾਮੀ ਨੇ ਆਪ ਨਿਵਾਸ ਕਰ ਲਿਆ, ਉਥੇ ਫਿਰ ਅਨੰਦ ਹੀ ਅਨੰਦ ਹੈ। ਯਥਾ :—

ਧੰਨੁ ਧੰਨੁ ਸੁਹਾਵਾ ਸੋ ਸਰੀਰੁ ਥਾਨ ਹੈ
ਜਿਥੈ ਮੇਰਾ ਗੁਰ ਧਰੇ ਵਿਖਾ ॥

ਸੋ ਵਡਭਾਗੀਓ, ਸਾਡੇ ਸਾਰਿਆਂ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਇਸ ਨਾਮ ਅੰਮ੍ਰਿਤ ਨੂੰ ਪ੍ਰਾਪਤ ਕਰਨ ਵਾਸਤੇ ਸਤਿਗੁਰ ਅੱਗੇ ਅਰਦਾਸ ਕਰੀਏ ਕਿ ਸਾਨੂੰ ਇਸ ਗੁਰਮੰਤ੍ਰ ਦੀ ਬਖਸ਼ਸ਼ ਕਰੇ, ਅੰਮ੍ਰਿਤ ਦੀ ਦਾਤ ਬਖਸ਼ੇ, ਤੇ ਜਦੋਂ ਇਸ ਨਾਮ ਰੂਪੀ ਧਨ ਦੀ ਪ੍ਰਾਪਤੀ ਹੋ ਜਾਵੇ ਫਿਰ ਇਸਦੀ ਤਕੜੇ ਹੋ ਕੇ ਕਮਾਈ ਕਰੀਏ ਤਾਂ ਕਿ ਇਹ ਨਾਮ ਧੰਨ ਹੋਰ ਵਧੇ, ਸਾਨੂੰ ਗੁਰਬਾਣੀ ਇਹ ਹੁਕਮ ਦੇਂਦੀ ਹੈ,

ਯਥਾ: ਉਦਮੁ ਕਰੋ ਵਡਭਾਗੀਓ, ਸਿਮਰਹੁ ਹਰਿ ਹਰਿ ਰਾਇ ॥

ਸੋ ਅਸੀਂ ਇਸ ਹੁਕਮ ਦੀ ਪਾਲਨਾ ਕਰੀਏ ਅਤੇ ਹਰ ਸਮੇਂ ਇਹ ਨਾਮ ਰੂਪੀ ਸਿਮਰਨ ਹਿਰਦੇ ਵਿਚ ਸਿਮਰਦੇ ਰਹੀਏ,

ਹਰਿ ਜਨ ਸਿਮਰਹੁ ਹਿਰਦੈ ਰਾਮੁ ॥

ਇਸ ਨਾਮ ਨੂੰ ਹਿਰਦੇ ਵਿਚ ਹਰ ਸਮੇਂ ਰਖੀਏ ਕਚੇ ਧੰਨ ਨਾਲ ਪਿਆਰ ਨਹੀਂ, ਪਾਣਾ ਅਸੀਂ ਐਸੇ ਧੰਨ (ਨਾਮ) ਨਾਲ ਪਿਆਰ ਪਾਣਾ ਹੈ ਜਿਹੜਾ ਕਿ ਇਸ ਲੋਕ ਤੇ ਪ੍ਰਲੋਕ ਦੋਵਾਂ ਵਿਚ ਸਾਥ ਦੇਵੇ। ਏਸੇ ਕਰਕੇ ਭਗਤ ਜਨ ਨਾਮ ਨਾਲ ਪਿਆਰ ਕਰਦੇ ਹਨ। ਉਸ ਨਾਮ ਨੂੰ ਅਪਨੇ ਗਲੇ ਦਾ ਸੁੰਦਰ ਹਾਰ ਬਣਾਉਂਦੇ ਹਨ। ਜਿਸਦੀ ਸ਼ੋਭਾ ਦੋਵਾਂ ਲੋਕਾਂ ਵਿਚ ਹੁੰਦੀ ਹੈ।

ਭਗਤ ਜਨ ਨਾਮ ਨੂੰ ਸਦਾ ਜਪਦੇ ਰਹਿੰਦੇ ਹਨ, ਜਿਸ ਨੂੰ ਉਹ ਸਦਾ ਆਪਣੇ ਪਾਸ ਰਖਦੇ ਹਨ, ਸੁਆਸ ੨ ਸਿਮਰਨ ਕਰਦੇ ਹਨ, ਹਰ ਦੰਮ ਨਾਮ ਦਾ ਹੀ ਰਟਨ ਕਰਦੇ ਹਨ, ਨਾਮ ਰਸ ਵਿਚ ਲਿਪਤ ਰਹਿੰਦੇ ਹਨ ਅੰਮ੍ਰਿਤ ਰੂਪੀ ਸਰੋਵਰ ਵਿਚੋਂ ਨਾਮ ਰੂਪੀ ਰਸ ਦੇ ਪਿਆਲੇ ਭਰ ਭਰ ਕੇ ਪੀਂਦੇ ਹਨ, ਇਹ ਅੰਮ੍ਰਿਤ ਐਸਾ ਹੈ ਕਿ ਜਿਉਂ ੨ ਪੀਵਨ ਹਾਰਾ ਇਸ ਦਾ ਪਾਨ ਕਰਦਾ ਹੈ, ਤ੍ਰਿਖਾ ਹੋਰ ਵਧਦੀ ਹੈ, ਚਿਤ ਕਰਦਾ ਹੈ ਕਿ ਮੁਖ ਉਸ ਬਾਟੇ ਦੇ ਨਾਲ ਲਗਿਆ ਹੀ ਰਹੇ,ਇਹ ਹੈ ਨਾਮ ਦੀ ਭੁਖ ਜਿਨ੍ਹਾਂ ਵਡਭਾਗੀਆਂ ਨੂੰ ਏਹੋ ਜਿਹੀ ਭੁਖ ਲਗੀ ਹੈ, ਫਿਰ ਉਹੀ ਜਾਨਦੇ ਹਨ ਕਿ ਜਦੋਂ ਨਾਮ ਰੂਪੀ ਪ੍ਰਸ਼ਾਦਿ ਮਿਲਦਾ ਹੈ ਤਾਂ ਫ਼ਿਰ ਕਿਸ ਤਰ੍ਹਾਂ ਟੁਟ ਕੇ ਪੈਂਦੇ ਹਨ, ਜਿਥੋਂ ਵੀ ਐਸਾ ਨਾਮ ਰੂਪੀ ਭੋਜਨ ਮਿਲਦਾ ਹੈ, ਉਥੋਂ ਹੀ ਪ੍ਰਾਪਤ ਕਰਨ ਪਿਛ ਨੱਸ ਪੈਂਦੇ ਹਨ। ਇਹ ਹੈ ਨਾਮ ਦੀ ਭੁਖ! ਭੁਖੇ ਤਾਂ ਇਸ ਸੰਸਾਰ ਵਿਚ ਬਹੁਤ ਸਾਰੇ ਹਨ ਪਰ ਐਸੀ ਭੁਖ ਵੀ ਵਡੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ, ਵਿਰਲਿਆਂ ਨੂੰ ਪ੍ਰਾਪਤ ਹੈ, ਤੇ ਫਿਰ ਨਾਮ ਰੂਪੀ ਰਸ ਵੀ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ।

ਇਸ ਨਾਮ ਦੀ ਪ੍ਰਾਪਤੀ ਨੂੰ ਮੇਹਰ ਸਮਝੀਏ, ਬਖਸ਼ਿਸ਼ ਸਮਝੀਏ, ਕਿਉਂ ਜੁ ਇਹ ਕਿਸੇ ਪ੍ਰਕਾਰ ਦੇ ਜ਼ੋਰ ਜਾਂ ਜੁਗਤਿ ਨਾਲ ਪ੍ਰਾਪਤ ਨਹੀਂ ਹੁੰਦੀ ਹੈ, ਇਹ ਤਾਂ ਜਿਸ ਨੂੰ ਮਾਲਿਕ ਆਪ ਦੇਵੇ, ਜਿਸ ਤੇ ਕ੍ਰਿਪਾ ਕਰ ਦੇਵੇ।

ਪਰ ਸਾਡਾ ਇਹ ਫ਼ਰਜ਼ ਹੈ ਕਿ ਅਸੀਂ ਅਕਾਲ ਪੁਰਖ਼ ਅਗੇ ਅਰਦਾਸ ਕਰਦੇ ਰਹੀਏ, ਕਿ ਸਭ ਨੂੰ ਨਾਮ ਦੀ ਦਾਤਿ ਪ੍ਰਾਪਤ ਹੋਵੇ ਤੇ ਜਿਨ੍ਹਾਂ ਨੂੰ


www.AKJ.org

ਪ੍ਰਾਪਤ ਹੈ, ਫਿਰ ਤ੍ਰੈਹਨਾਂ ਨੂੰ ਵਿਸਰੇ ਨਾ, ਹਰ ਦੰਮ ਯਾਦ ਰਹੇ ਦਿਨ ਰਾਤ ਯਾਦ ਵਿਚ ਲੰਘੇ।

ਯਥਾ:-ਵਿਸਰੁ ਨਾਹੀ ਦਾਤਾਰ ਅਪਨਾ ਨਾਮੁ ਦੇਇ।
ਗੁਨ ਗਾਵਾ ਦਿਨ ਰਾਤਿ ਨਾਨਕ ਚਾਉ ਇਹ ॥

ਫਿਰ ਇਸ ਵਾਸਤੇ ਘਾਲ ਘਾਲੀਏ, ਸੁਆਸ, ਸੁਆਸ ਸਿਮਰਨ ਕਰੀਏ, ਕਿਉਂ ਜੁ ਸੁਆਸਾਂ ਦਾ ਕੋਈ ਭਰੋਸਾ ਨਹੀਂ ਕਦੋਂ ਆਣੇ ਬੰਦ ਹੋ ਜਾਣ, ਦੰਮ ਆਵੇ ਕਿ ਨਾਂ ਆਵੇ।

ਯਥਾ:-ਹਮ ਆਦਮੀ ਹਾਂ ਇਕ ਦਮੀ ਮੁਹਲਿਤ ਮੁਹਤੁ ਨ ਜਾਣਾ।

ਸੋ ਹਰ ਇਕ ਸੁਆਸ ਦਾ ਪਹਿਰੇਦਾਰ ਹੋਕੇ ਰਹੀਏ ਕਿ ਕੋਈ ਸੁਆਸ ਸਿਮਰਨ ਤੋਂ ਬਿਨਾਂ ਨਾ ਆਵੇ ਨਾ ਜਾਵੇ।

ਯਥਾ:-ਦਮਿ ਦਮਿ ਸਦਾ ਸਮ੍ਹਾਲਦਾ, ਦੰਮੁ ਨ ਬਿਰਥਾ ਜਾਇ ॥

ਸੋ ਅਸੀ ਧਿਆਨ ਰਖੀਏ ਕਿ ਸਾਡਾ ਕੋਈ ਦੰਮ ਖਾਲੀ ਨਾ ਜਾਵੇ ਬਿਨਾਂ ਸਿਮਰਨ ਤੋਂ। ਕਿਉਂ ਕਿ ਇਹ ਮਨੁਖ ਜਨਮ ਵਡੇ ਭਾਗਾਂ ਨਾਲ ਮਿਲਿਆ ਹੈ, ਅਤੇ ਮਿਲਿਆ ਵੀ ਕੇਵਲ ਨਾਮ ਸਿਮਰਨ ਵਾਸਤੇ ਹੈ ਸੋ ਏਹੀ ਵੇਲਾ ਹੈ ਨਾਮ ਜਪਣ ਦਾ ਅਸੀ ਇਸ ਅਮੋਲਕ ਮਾਨੁਸ ਜਨਮ ਨੂੰ ਬਿਰਥਾ ਨਾ ਗਵਾ ਦੇਈਏ।

ਫਿਰ ਕੀ ਪਤਾ ਕਿ ਮਨੁਖਾ ਜਨਮ ਮਿਲਨਾ ਹੈ ਜਾਂ ਨਹੀਂ ਸਿਮਰਨ ਕਰਨ ਦਾ ਸਮਾਂ ਮਿਲਨਾ ਹੈ ਜਾਂ ਨਹੀਂ. ਇਸ ਕਰਕੇ ਹਰ ਇਕ ਪ੍ਰਾਣੀ ਮਾਤ੍ਰ ਦਾ ਧਰਮ ਹੈ ਕਿ ਨਾਮ ਦੀ ਪ੍ਰਾਪਤੀ ਕਰੇ ਤੇ ਉਸ ਦੀ ਕਮਾਈ ਕਰੇ, ਇਸ ਮਨੁਖ ਜਨਮੁ ਨੂੰ ਪਰਮੇਸ਼ਵਰ ਦੇ ਲੇਖੇ ਲਾ ਦੇਵੇ।

ਯਥਾ:-ਬਹੁਤ ਜਨਮ ਬਿਛਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ ॥

ਸੋ ਤਕੜ ਹੋਕੇ ਨਾਮ ਸਿਮਰਨ ਦੀ ਕਮਾਈ ਕਰੀਏ ਉਠਦਿਆਂ, ਬੈਠਦਿਆਂ, ਚਲਦਿਆਂ, ਕੰਮ ਕਰਦਿਆਂ ਹਰ ਸਮੇਂ ਸਿਮਰਨ ਚਲਦਾ ਰਹੇ, ਲਿਵ ਅੰਦਰ ਜੁੜੀ ਰਹੇ ਕਿਸੇ ਖਾਸ ਸਮੇਂ ਦੀ ਉਡੀਕ ਕਰੀਏ ਕਿਉਂ ਜੁ:—

ਜੋ ਵੇਲਾ ਵਖਤੁ ਵੀਚਾਰੀਐ, ਤਾ ਕਿਤ ਵੇਲਾ ਭਗਤਿ ਹੋਇ ॥

ਜੇ ਅਸੀ ਵੇਲੇ ਨੂੰ ਦੇਖਦੇ ਰਹੇ ਕਿ ਫਲਾਨੇ ਸਮੇਂ ਕਰਾਂਗੇ ਸਿਮਰਨ, ਤਾਂ ਇਹ ਗਲ ਠੀਕ ਨਹੀਂ ਕਿਉਂ ਜੁ ਹੋ ਸਕਦਾ ਹੈ ਕਿ ਉਸ ਵੇਲੇ ਤੋਂ ਪਹਿ[ਲਾਂ] ਸੁਆਸ ਪੂਰੇ ਹੋ ਜਾਣ, ਅਕਾਲ ਪੁਰਖ ਦਾ ਸੱ[ਦਾ] ਆ ਜਾਵੇ ਤਾਂ ਫਿਰ ਕੀ ਕਰਾਂਗੇ ਕਿਉਂ ਜੁ ਇ[ਹ] ਸਰੀਰ ਹੈ, ਮਿਟੀ ਦੇ ਕੱਚੇ ਘੜੇ ਵਾਂਗ, ਪ[ਤਾ] ਨਹੀਂ ਕਦੋਂ ਟੁਟ ਜਾਵੇ। ਸੋ ਐਸੀ ਗੰਭੀਰ ਹਾਲ[ਤ] ਵਿਚ ਜੇ ਅਸੀ ਇਹ ਆਖੀਏ ਕਿ ਬੜੀ ਉਮਰ ਪ[ਈ] ਹੈ ਬੁਢੇ ਵੇਲੇ ਨਾਮ ਜਪ ਲਵਾਂਗੇ ਤਾਂ ਫਿਰ ਸਾ[ਨੂੰ] ਸਿਆਣਾ ਕਿਸ ਨੇ ਆਖਣਾ ਹੈ ਅਸੀਂ ਮੂਰਖਾਂ [ਦੇ] ਵੀ ਮੂਰਖ ਹਾਂ ਜੇ ਅਸੀ ਨਾਮ ਨਹੀਂ ਜਪਦੇ, ਅ[ਤੇ] ਵੇਲੇ ਦੀ ਉਡੀਕ ਕਰਦੇ ਹਾਂ।

ਯਥਾ:-ਮੂਰਖਾ ਸਿਰਿ ਮੂਰਖੁ ਹੈ, ਜਿ ਮੰਨੇ ਨਾਹੀ ਨਾਉ ॥

ਸੋ ਅਸੀ ਸਿਆਣੇ ਬਣੀਏ ਤੇ ਸੁਆਸ ਸੁਆ[ਸ] ਨਾਮ ਦਾ ਅਭਿਆਸ ਕਰੀਏ, ਕਮਾਈ ਕਰੀਏ ਫਿਰ ਚਾਹੇ ਜਦੋਂ ਵੀ ਸਰੀਰ ਇਹ ਮਾਤ ਲੋਕ ਛੋ[ੜ] ਦੇਵੇ, ਫਿਰ ਕੋਈ ਡਰ ਨਹੀਂ, ।

ਯਥਾ:-ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ।
ਨਾਨਕ ਇਹੁ ਮਰਤਬਾ ਤਿਸਨੋ ਦੇਇ, ਜਿਸਨੋ ਕਿਰਪਾ ਕਰੇ ਰਜਾ[ਇ]

ਸੋ ਇਸ ਸਾਰੇ ਲੇਖ ਦਾ ਅਸੀ ਤੱਤ, ਸਾ[ਰ] ਕਢੀਏ ਕਿ ਹੇ ਭਾਈ ਸਾਨੂੰ ਮਨੁਖ ਜਨਮ ਮਿਲਿਆ ਹੈ, ਅਤੇ ਸਾਡੇ ਬੜੇ ਵਡੇ ਭਾਗਾਂ ਕਰ[ਕੇ] ਮਿਲਿਆ ਹੈ।

ਇਹ ਮਨੁਖ ਜਨਮ ਕੇਵਲ ਨਾਮ ਸਿਮਰ[ਨ] ਕਰਨ ਵਾਸਤੇ ਮਿਲਿਆ ਹੈ।

ਇਸ ਦੀ ਪ੍ਰਾਪਤੀ ਵੀ ਬੜੇ ਵਡੇ ਭਾਗ ਹੋ[ਣ] ਤਾਂ ਹੀ ਪ੍ਰਾਪਤ ਹੋਂਦੀ ਹੈ। ਤੇ ਜੇ ਸਰੀਰ ਰੂਪ ਭਾਂਡਾ ਸ਼ੁਧ ਹੋਵੇ ਤਾਂ ਜਲਦੀ ਹੀ ਅੰਦਰ ਨਾਮ ਟਿ[ਕ] ਜਾਂਦਾ ਹੈ।

ਇਸ ਗੁਰਮੰਤ੍ਰ ਨੂੰ ਪ੍ਰਾਪਤ ਕਰਨ ਵਾਸਤੇ ਹ[ਰ] ਸਮੇਂ ਅਕਾਲ ਪੁਰਖ ਅਗੇ ਅਰਦਾਸ ਕਰਨ[ੀ] ਚਾਹੀਦੀ ਹੈ, ਕਿ ਨਾਮ ਦੀ ਦਾਤਿ ਬਖਸ਼ੇ।

ਇਸ ਗੁਰਮੰਤ੍ਰ ਦੀ ਪ੍ਰਾਪਤੀ ਸ੍ਰੀ ਗੁਰੂ ਗ੍ਰੰ[ਥ] ਸਾਹਿਬ ਜੀ ਦੀ ਹਾਜ਼ਰੀ ਵਿਚ ਪੰਜਾਂ ਪਿਆਰਿਆਂ ਕੋਲੋਂ ਕਰਨੀ ਚਾਹੀਦੀ ਹੈ॥

ਇਸ ਵਾਹਿਗੁਰੂ ਗੁਰਮੰਤ੍ਰ ਨੂੰ ਪ੍ਰਾਪਤ ਕਰ[ਕੇ] ਫਿਰ ਸੁਆਸ, ਸੁਆਸ ਸਿਮਰਨ ਵਿਚ ਲਗ ਜਾ[ਈਏ]


www.AKJ.Org

# ਭਲੇ ਅਮਰ ਦਾਸ ਗੁਣ ਤੇਰੇ,
# ਤੇਰੀ ਉਪਮਾ ਤੋਹਿ ਬਨਿ ਆਵੈ ॥

[ਵਲੋਂ ਪ੍ਰੋ: ਬੀਬੀ ਕੁਲਦੀਪ ਕੌਰ ਜੀ ਐਮ. ਏ. ਪਟਿਆਲਾ।]

ਇਹ ਕਲੀ ਤੱਤ ਵੇਤਾ, ਬ੍ਰਹਮ ਗਿਆਨੀ, ...ਾਰਤ ਦੇ ਉੱਚ ਕੋਟੀ ਦੇ ਵਿਦਵਾਨ ਭਲ ਭਟ ਜੀ ...ੀ ਉਚਾਰਨ ਕੀਤੀ ਹੋਈ ਹੈ। ਆਪ ਨੇ ਗੁਰੂ ਦਾਤਾ ...ੀ ਦ ਗੁਣਾਂ ਦਾ ਵਰਨਣ ਕਰਦਿਆਂ ਹੋਇਆਂ ...ੰਤ ਵਿੱਚ ਬਚਨ ਕੀਤਾ ਕਿ ਗੁਰੂ ਅਮਰਦਾਸ ਜੀ ...ੇ ਗੁਣ ਬੇਅੰਤ ਹਨ। ਇਨ੍ਹਾਂ ਗੁਣਾਂ ਨੂੰ ਕਥਨੀ ਵਿਚ ...ਹੀਂ ਲਿਆਇਆ ਜਾ ਸਕਦਾ। ਕਿਉਂਕਿ ਆਪ ...ਾਂ ਉਸ ਅਨੰਤ ਪ੍ਰਭੂ ਦਾ ਪ੍ਰਤੱਖ ਸਰੂਪ ਹੀ ਸਨ। ...ਲਾ ਅਨੰਤ ਦੀ ਮਹਿਮਾ ਅੰਤ ਵਾਲੇ ਜੀਵ ਕਿਵੇਂ ...ਾ ਸਕਦੇ ਹਨ? "ਏਵਡੁ ਊਚਾ ਹੋਵੈ ਕੋਇ॥ ਤਿਸੁ ...ਚੇ ਕਉ ਜਾਣੈ ਸੋਇ॥" ਅਕਾਲ ਰੂਪ ਗੁਰੂ ਅਮਰ ...ਾਸ ਜੀ ਤਾਂ 'ਆਪ ਨਾਰਾਇਣ ਕਲਾ ਧਾਰਿ ਜਗੁ ...ਹਿ ਪਰਵਰਿਉ॥ ਨਿਰੰਕਾਰ ਆਕਾਰ ਜੋਤ ਜਗੁ ...ਡਲ ਕਰਿਉ॥' ਦ ਮਹਾਂ ਵਾਕ ਅਨੁਸਾਰ ਅਕਾਲ ਪੁਰਖ ਦੀ ਜੋਤ ਸਨ ਤੇ ਸਾਰੇ ਗੁਣ ਸੰਪੰਨ ਸਨ। ਇਸੇ ਲਈ ਆਪ ਦੀ ਸੇਵਾ ਨਿਰੰਕਾਰ ਦੀ ਸੇਵਾ ਤੁਲ ਮੰਨੀ ਗਈ ਹੈ। ਸੇਵਾ ਕਰਨ ਵਾਲਿਆਂ ਦੇ ਦੁਖ, ਰੋਗ, ਦਰਿਦਰ ਸਭ ਕੱਟੇ ਜਾਂਦੇ ਹਨ;

ਗੁਰ ਅਮਰਦਾਸ ਜਿਨਿ ਸੇਵਿਓ ਤਿੰਨ ਦੁਖ ਦਰਿਦਰ ਪਰਹਰ ਪਰੈ।

ਆਪ ਦੇ ਤਾਂ ਚਰਨ ਪਰਸਣ ਨਾਲ ਹੀ ਸਾਰੇ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ। 'ਜਾਲਪ' ਨਾਮੀ ਭੱਟ, ਜੋ ਬ੍ਰਹਮਵੇਤਾ ਅਤੇ ਵੇਦਾਂ ਸ਼ਾਸਤਰਾਂ ਦੇ ਗਿਆਤਾ ਸਨ, ਮਨ ਦੀ ਸ਼ਾਂਤੀ ਅਤੇ ਠੰਡ ਪ੍ਰਾਪਤੀ ਲਈ ਸਾਰਾ ਭਾਰਤ ਫਿਰੇ, ਸਾਰੇ ਮਤਾਂ ਮਤਾਂਤਰਾਂ ਦੇ ਸਿੱਧਾਂਤਾਂ ਦੀ ਖੋਜ ਕੀਤੀ ਪਰ ਜਿਸ ਚੀਜ਼ ਦੀ ਲੋੜ ਸੀ, ਜਿਸ ਆਤਮਕ ਸੁਖ ਤੇ ਅਨੰਦ ਦੀ ਚਾਹ ਸੀ, ਕਿਤੋਂ ਵੀ ਪ੍ਰਾਪਤ ਨਾ ਕਰ ਸਕੇ। ਆਪ ਲਿਖਦੇ ਹਨ :—

---

...ਏਹੀ ਇਸ ਲੇਖ ਦਾ ਸਾਰ ਹੈ, ਤੇ ਲੇਖਕ ਇਹ ...ਾਸ ਕਰਦਾ ਹੈ ਸਰਬਤ ਪਾਠਕਾਂ ਤੋਂ, ਕਿ ਸਾਰੇ ਹੀ ...ਾਮ ਅਭਿਆਸ ਵਿਚ ਜੁਟ ਜਾਣਗੇ, ਜਿਨਾਂ ੨ ਨੂੰ ...ਰਮੰਤ੍ਰ ਦੀ ਪ੍ਰਾਪਤੀ ਹੈ, ਤੇ ਜਿਨ੍ਹਾਂ ਨੇ ਅਜੇ ਤਕ ...ਰਮੰਤ੍ਰ ਦੀ ਪ੍ਰਾਪਤੀ ਨਹੀਂ ਕੀਤੀ, ਉਹ ਅਜ ਤੋਂ ...ਾ ਤਿਆਰੀ ਕਰਨੀ ਸ਼ੁਰੂ ਕਰ ਦੇਣ ਅਤੇ ਉਸ ...ਾਗਾਂ ਵਾਲੇ ਦਿਨ ਦੀ ਉਡੀਕ ਕਰਨ ਜਦ ਉਹਨਾਂ ਇਹ ਦਾਤ ਪ੍ਰਾਪਤ ਹੋਣੀ ਹੈ, ਜਦੋਂ ਉਹਨਾਂ ...ਖਾਂ ਮਿਲਾਪ ਕੰਤ ਪਤੀ ਪ੍ਰਮਾਤਮਾ ਦੇ ਨਾਲ ਹੋਣਾ ਹੈ ਤੇ ਫ਼ਿਰ ਜਦੋਂ ਨਾਮੁ ਦੀ ਪ੍ਰਾਪਤੀ ਹੋ ਜਾਵੇਗੀ ਤਾਂ ਫਿਰ ਉਹਨਾਂ ਦੇ ਕਰਮ ਖੁਲ ਪੈਣਗੇ।

ਯਥਾ:-(ਖੁਲਿਆ ਕਰਮਿ ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ॥)

ਤੇ ਜੇ ਫਿਰ ਠਾਕੁਰ ਦੀ ਕ੍ਰਿਪਾ ਹੋ ਗਈ, ਨਾਮ ਸਿਮਰਨ ਵਿਚ ਲਗ ਗਏ ਤਾਂ ਫਿਰ ਇਹ ਲੋਕ ਸੁਖੀ ਪ੍ਰਲੋਕ ਸੁਹੇਲੇ ਨਾਨਕ ਹਰਿ ਪ੍ਰਭਿ ਆਪੇ ਮੇਲੇ।


www.AKJ.Org

ਰਹਿਓ ਸੰਤ ਹਉ ਟੋਲ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ, ਜਿਵ ਤੂ ਰਖਹਿ ਤਿਵ ਰਹਉ ॥ ੨।੨੦ ॥

ਅਖੀਰ ਗੁਰੂ ਦਰਬਾਰ ਪੁੱਜਾ ਗੁਰੂ ਦਰਸ਼ਨ ਕਰਨ ਸਾਰ ਪਤਾ ਲੱਗਾ ਕਿ ਆਤਮਿਕ ਸੁੱਖ ਦੀ ਦਾਤ ਇਥੋਂ ਪ੍ਰਾਪਤ ਹੋਵੇਗੀ। ਦਰਸ਼ਨ ਕਰਨ ਦਾ ਅਸਰ ਇਹ ਹੋਇਆ :

ਦਰਸਨੁ ਦੇਖਤ ਦੋਖ ਨਸੇ ॥

ਅੰਦਰ ਦੀ ਮੈਲ ਕੱਟੀ ਜਾਣ ਲਗੀ। ਠੰਡ ਪ੍ਰਾਪਤ ਹੋਣ ਲਗੀ। ਅਰਦਾਸ ਕਰਨ ਲਗ ਪਏ।

ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥

ਮਨ ਦੀ ਪਾਪਾਂ ਰੂਪੀ ਮੈਲ ਕੱਟੀ ਗਈ। ਵਿਦਿਆ ਦਾ ਮਾਣ ਦੂਰ ਹੋਣ ਲਗਾ ਤਾਂ ਚਰਨਾਂ ਤੇ ਡਿਗ ਪਏ। ਚਰਨ ਮਸਤਕ ਤੇ ਛੋਹਨ ਦੀ ਦੇਰ ਸੀ ਕਿ ਹਿਰਦਾ ਠੰਡਾ ਹੋ ਗਿਆ। ਜਿਸ ਗੱਲ ਦੀ ਤਲਾਸ਼ ਵਿਚ ਸਨ, ਪੂਰੀ ਹੋਈ। ਪੁਕਾਰ ਉਠੇ :—

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰੁ ਅਮਰੁ ਦਾਸੁ ਨਿਜ ਜਗਤ ਪਿਤ ॥

ਬਸ ਫਿਰ ਕੀ ਸੀ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਕਰਕੇ ਸਾਰੇ ਗਿਆਨ ਤੇ ਕਰਮ ਇੰਦਰੇ ਪਵਿਤਰ ਹੋ ਗਏ। ਮਨ ਗੁਰੂ ਜੀ ਦੀ ਸਿਫਤ ਵਿੱਚ ਜੁੜ ਗਿਆ ਅਤੇ ਆਪ ਮੁਹਾਰੇ ਹੀ ਗਾ ਉਠੇ :

ਮਸਤਕਿ ਨੀਸਾਣੁ ਸਚਉ ਕਰਮੁ ਕਲ ਜੋੜਿ ਕਰ ਧਾਇਅਉ ॥
ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥

ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਇਆਂ ਸਰਬ ਇਛਾਂ ਪੂਰਨ ਹੁੰਦੀਆਂ ਹਨ ਅਤੇ ਸਾਰੇ ਦੁਖ ਕਲੇਸ਼ ਮਿਟ ਜਾਂਦੇ ਹਨ। ਜੋ ਜੀਵ ਗੁਰੂ ਸਾਹਿਬ ਦੀ ਸਿਫਤ ਸਲਾਹ ਦਾ ਆਨੰਦ ਮਾਣਦਾ ਹੈ, ਉਸ ਨੂੰ ਆਪ ਜੀ ਦੇ ਦੀਦਾਰ ਪ੍ਰਤੱਖ ਰੂਪ ਵਿਚ ਹੋ ਰਹੇ ਪ੍ਰਤੀਤ ਹੁੰਦੇ ਹਨ। ਇਸ ਲਈ ਦਰਸ਼ਨਾਂ ਵਿਚ ਲੀਨ ਹੋਇਆ ਭੱਟ ਇਸ ਤਰ੍ਹਾਂ ਉਚਾਰਣ ਕਰਦਾ ਹੈ :

ਸਮਰਥ ਗੁਰੂ ਸਿਰਿ ਹਥੁ ਧਰਿਅਉ ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ॥
ਜਿਸੁ ਦੇਖਿ ਚਰੰਨ ਅਘੰਨ ਹਰਉ ।
ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰਉ।

ਸੋਢੀ ਸੁਲਤਾਨ ਨੇ ਜਦੋਂ ਦੋਇ ਕਰ ਜੋੜ ਅਰਦਾਸ ਕੀਤੀ :

'ਦਾਤਾ ਜੇ ਤੁੱਠੇ ਹੋ ਤਾਂ ਇਹ ਬਖਸ਼ਿਸ਼ ਕਰੋ :

ਹਰਿ ਕੇ ਜਨ ਸਤਿਗੁਰ ਸਤ ਪੁਰਖਾ
ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰਿ ਦਇਆ ਨਾਮੁ ਪਰਗਾਸਿ ॥

ਸੋਢੀ ਸੁਲਤਾਨ ਦੇ ਸਿਰ ਉਤੇ ਹੱਥ ਰੱਖਕੇ ਗੁਰੂ ਅਮਰਦਾਸ ਜੀ ਨੇ ਆਪਣੀ ਪਾਰਸ ਛੋਹ ਨਾਲ ਪਾਰਸ ਬਣਾ ਰੋਮ ਰੋਮ ਵਿੱਚ ਨਾਮ ਦਾ ਨਿਵਾਸ ਕਰ ਵਿਖਾਇਆ। ਇਹ ਹੀ ਨਹੀਂ ਸਗੋਂ 'ਸੋਢੀ ਸ੍ਰਿਸਟੀ ਸਗਲ ਤਾਰਨ ਕੋ; ਅਬ ਗੁਰੂ ਰਾਮ ਦਾਸ ਕਉ ਮਿਲੀ ਵਡਾਈ'।

ਆਪ ਦੀ ਕਥਾ ਅਕਥ ਹੈ; ਕਥਨੀ ਤੋਂ ਬਾਹਰ ਹੈ. 'ਏਕ ਜੀਭ ਕਿਛ ਕਹੀ ਨ ਜਾਈ: ਆਪ ਦੇ ਕਿਹੜੇ ਕਿਹੜੇ ਗੁਣਾਂ ਦਾ ਵਰਣਨ ਕਰੀਏ। ਅਰਸ਼ੀ ਬਾਣੀ ਵਿੱਚ ਆਪ ਦੀ ਸਿਫਤ ਸੋਢੀ ਸੁਲਤਾਨ ਕਰ ਰਹੇ ਹਨ :

'ਸਤਿਗੁਰ ਕਾ ਦਰਸਨ ਸਫਲ ਹੈ, ਜੋ ਇਛੇ ਸੋ ਫਲ ਪਾਏ ॥
'ਨਾਨਕ ਸਤਿਗੁਰ ਮਿਲੀਐ ਪ੍ਰਭ ਪਾਈਐ ਸਭ ਦੋਖ ਵਿਸਾਰਣ ਹਾਰ ।
ਸਤਿਗੁਰ ਕੀ ਸੇਵਾ ਲਗਿਆ ਭਉਜਲ ਤਰੇ ਸੰਸਾਰ' ॥

ਮਨੁਖ ਦੇ ਇਸ ਸਰੀਰ ਅੰਦਰ ਵਿਸ਼ੇ ਵਿਕਾਰਾਂ ਰੂਪੀ ਚੋਰ ਹਰ ਸਮੇਂ ਹਰ ਪਾਸੇ ਛਹਿ ਲਾ ਕੇ ਬੈਠੇ


www.AKJ.Org

ਰਹਿੰਦੇ ਹਨ। ਬਾਣੀ ਵਿੱਚ ਵਰਣਨ ਆਉਂਦਾ ਹੈ:

ਇਸ ਦੇਹੀ ਅੰਦਰ ਪੰਚ ਚੋਰ ਵਸਹਿ ਕਾਮ ਕ੍ਰੋਧ ਲੋਭ ਮੋਹ ਅਹੰਕਾਰਾ ॥
ਅੰਮ੍ਰਿਤ ਲੂਟਹਿ ਮਨਮੁਖਿ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

ਗੁਰੂ ਅਮਰ ਦਾਸ ਜੀ ਨੇ ਇਨਾਂ ਚੋਰਾਂ ਨਾਲ ਕਿਹੜੇ ਸ਼ਸਤਰ ਲੈ ਕੇ ਲੜਾਈ ਕੀਤੀ ਤੇ ਕਿਵੇਂ ਇਹਨਾਂ ਨੂੰ ਜਿਤਿਆ ਇਸ ਦਾ ਵਰਨਣ ਇਸ ਤਰਾਂ ਆਉਂਦਾ ਹੈ;—

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰਿ ਗਹਿਓ, ਭਗਤ ਸੀਲਹ ਸਰਿ ਲੜਿਅਉ।
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ।
ਕਾਮ ਕ੍ਰੋਧ ਲੋਭ ਮੋਹ ਅਪੁਤ ਪੰਚ ਦੂਤ ਬਿਖੰਡਿਓ।

ਸੇਵਾ ਭਾਵ ਆਪਣੇ ਹਿਰਦੇ ਵਿਚ ਏਨਾ ਸੀ ਕਿ ੬੧ ਤੋਂ ੭੩ ਵਰੇ ਦੀ ਆਯੂ ਤਕ ਲੰਗਰ ਦੀ ਸੇਵਾ ਦੇ ਨਾਲ ਨਾਲ ਗੁਰੂ ਸਾਹਿਬ ਲਈ ਤਿੰਨ ਚਾਰ ਮੀਲ ਤੋਂ ਅੰਮ੍ਰਿਤ ਵੇਲੇ ਬਿਆਸ ਨਦੀ ਤੋਂ ਗਾਗਰ ਜਲ ਦੀ ਭਰ ਕੇ ਲਿਆਉਣਾ ਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣਾ। ਅੱਧੀ ਵਾਟ ਤੱਕ ਪਿੱਛੇ ਚਲਣਾ ਤਾਂ ਜੋ ਗੁਰੂ ਸਾਹਿਬ ਵਲ ਪਿੱਠ ਨ ਹੋਵੇ।

ਦੁਖੀਆਂ ਲਈ ਦਰਦ ਏਨਾ ਸੀ ਕਿ ਭਾਈ ਪ੍ਰੇਮੇ ਦੀ ਬੇਨਤੀ ਸੁਣਕੇ ਕੋਹੜ ਦੂਰ ਕੀਤਾ ਅਤੇ ਅਰੋਗ ਕੰਚਨ ਕਰ ਮੁਰਾਰੀ ਦਾ ਖਿਤਾਬ ਦੇ ਕੇ ਵਿਆਹ ਵੀ ਕਰ ਦਿਤਾ। ਆਪ ਦਾਨੀਆਂ ਵਿੱਚੋਂ ਮਹਾਂ ਦਾਨੀ, ਜੋਗੀਆਂ ਵਿੱਚੋਂ ਪੂਰਨ ਜੋਗੀ, ਭਗਤਾਂ ਵਿਚੋਂ ਮਹਾਨ ਭਗਤ, ਅਤੇ ਸੇਵਕਾਂ ਵਿਚੋਂ ਨਿਰਮਾਣ ਸੇਵਕ ਸਨ। ਗੁਰ ਸੇਵਾ, ਨਾਮ ਸਿਮਰਨ ਮਿੱਠਾ ਬੋਲਣਾ, ਨਿਵ ਚਲਣਾ. ਸਭ ਜੀਵਾਂ ਨੂੰ ਅਕਾਲ ਪੁਰਖ ਦਾ ਰੂਪ ਜਾਨਣਾ ਆਦਿ ਅਜੇਹੇ ਗੁਣ ਹਨ ਜਿਨਾ ਦਾ ਵਰਣਨ ਕਰਨਾ ਕਠਿਨ ਹੈ।

ਆਪ ਨੇ ਭਾਰਤੀ ਸਮਾਜ ਵਿਚੋਂ ਅਨੇਕ ਪ੍ਰਕਾਰ ਦੀਆਂ ਬੁਰਾਈਆਂ ਦੂਰ ਕਰਕੇ ਇਸ ਨੂੰ ਇਕ ਨਵਾਂ ਨਰੋਆ ਰੂਪ ਦੇਣ ਦਾ ਯਤਨ ਕੀਤਾ। ਜ਼ਾਤ ਪਾਤ ਦਾ ਖੰਡਨ ਕਰਦਿਆਂ ਹੋਇਆਂ ਆਪ ਨੇ ਫੁਰਮਾਇਆ:—

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥

ਸਤੀ ਦੀ ਰਸਮ ਦੀ ਵਿਰੋਧਤਾ ਕੀਤੀ। ਸਾਂਝੇ ਲੰਗਰ ਦੀ ਪ੍ਰਥਾ ਚਲਾਈ ਅਕਬਰ ਵਰਗੇ ਬਾਦਸ਼ਾਹਾਂ ਨੂੰ ਵੀ ਸਾਂਝੀ ਪੰਗਤ ਵਿਚ ਪ੍ਰਸ਼ਾਦਿ ਛਕਾਇਆ। ਇਸ ਤਰਾਂ ਉਚ ਨੀਚ ਦਾ ਭੇਦ ਮਿਟਾ ਕੇ ਸਮਾਜ ਨੂੰ ਇਕ ਨਵੇਂ ਸੱਚੇ ਵਿਚ ਢਾਲਣ ਦਾ ਯਤਨ ਕਰਦਿਆਂ ਹੋਇਆਂ ਆਪ ਇਕ ਮਹਾਨ ਸੁਧਾਰਕ ਬਣੇ। ਭਾਈ ਦਾਤੂ ਜੀ ਪਾਸੋਂ ਅਪਮਾਨ ਕਰਵਾ ਕੇ ਵੀ ਆਪ ਨੇ ਨਿਰਮਾਣਤਾ ਦਾ ਉਹ ਸਬਕ ਸਿਖਾਇਆ ਜਿਸ ਨੂੰ ਵੇਖ ਕੇ ਦੁਨੀਆਂ ਦੰਗ ਰਹਿ ਜਾਂਦੀ ਹੈ। ਗੁਰਿਆਈ ਦੇ ਫਰਜ਼ ਨਿਭਾਦਿਆਂ ਹੋਇਆਂ ਆਪ ਜੀ ਦੀ ਪ੍ਰਤਿਭਾ ਦੇ ਦੀਰਘ ਦ੍ਰਿਸ਼ਟੀ ਨੇ ਇਕ ਬਿਰਧ ਆਯੂ ਵਿੱਚ ਵੀ ਬਾਣੀ ਰਚੀ ਅਤੇ ਗੁਰਮਤ ਦਰਸ਼ਨ ਤੇ ਸਮਾਜਕ ਆਚਾਰ ਨੀਤੀ ਨੂੰ ਸੁਦ੍ਰਿੜ ਕੀਤਾ ਉਸ ਤੋਂ ਸਹਿਜੇ ਹੀ ਆਪ ਦੀ ਭਾਰੀ ਤੇ ਗਹੁਰੀ ਮਹਾਨਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਆਪ ਨੇ ਨਾ ਕੇਵਲ ਬਾਣੀ ਦੀ ਰਚਨਾ ਹੀ ਕੀਤੀ ਸਗੋਂ ਆਪਣੇ ਪੋਤਰੇ ਸਹੰਸਰ ਰਾਮ ਕੋਲੋਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਦਾ ਪੋਥੀ ਰੂਪ ਵਿਚ ਨਵਾਂ ਸੰਕਲਨ ਵੀ ਤਿਆਰ ਕਰਵਾਇਆ ਜੋ ਆਦਿ ਗ੍ਰੰਥ ਦੇ ਸੰਕਲਨ ਸਮੇਂ ਗੁਰੂ ਅਰਜਨ ਦੇਵ ਜੀ ਨੂੰ ਸਹਾਇਕ ਸਿੱਧ ਹੋਇਆ। ਆਪ ਜੀ ਦੀਆਂ ਪ੍ਰਸਿਧ ਰਚਨਾਵਾਂ ਵਿਚ 'ਅਨੰਦ ਸਾਹਿਬ' ਦਾ ਦਰਜਾ ਸ਼ਰੋਮਣੀ ਹੈ। ਇਹ ਬਾਣੀ ਜਿਥੇ ਗੁਰਮਤਿ ਦੇ ਸਿੱਧਾਂਤਾਂ ਦੀ ਵਿਆਖਿਆ ਕਰਨ ਵਾਲੀ ਅਤੇ ਗੁਰ ਪ੍ਰਸਾਦਿ ਦੇ ਰਹੱਸ ਨੂੰ ਖੋਲਣ ਵਾਲੀ ਬਾਣੀ ਹੈ ਉਥੇ ਗੁਰ-ਮਿਲਾਪ ਦੇ ਅਗੰਮੀ ਅਨੰਦ ਦਾ ਸਵਿਸਤਾਰ ਚਿਤਰ ਵੀ ਪੇਸ਼ ਕਰਦੀ ਹੈ। ਬਾਬਾ ਫਰੀਦ ਤੇ ਹੋਰ ਭਗਤਾਂ ਦੀ ਬਾਣੀ ਉਤੇ ਆਪ ਵਲੋਂ ਦਿੱਤੀਆਂ ਟਿਪਣੀਆਂ ਵੀ ਮਹੱਤਵ-ਪੂਰਨ ਹਨ। ਇਨਾਂ ਟਿਪਣੀਆਂ ਵਿਚ ਆਪ ਨੇ ਇਨਾਂ ਰਚਨਾਵਾਂ ਦੇ ਉਪਰੋਂ ਦਿਸਦੇ ਵਿਰੋਧੀ ਭਾਵਾਂ ਦੀ ਸੰਤੁਲਿਤ ਵਿਆਖਿਆ ਕਰ ਦਿੱਤੀ ਹੈ। ਬਾਬਾ ਫ਼ਰੀਦ ਜੀ ਦੀ ਕਵਿਤਾ ਵਿਚ


www.AKJ.org

ਬਿਰਧ ਅਵਸਥਾ ਦਾ ਉਦਾਸੀਨ ਚਿਤਰ ਮੌਜੂਦ ਹੈ ਪਰ ਗੁਰੂ ਅਮਰ ਦਾਸ ਜੀ ਦੀ ਰਚਨਾ ਵਿਚ ਅਜੇਹਾ ਕੋਈ ਚਿਤਰ ਨਹੀਂ ਮਿਲਦਾ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਮੁਖਾਂ ਉਤੇ ਕਦੀ ਬਿਰਧ ਅਵਸਥਾ ਦਾ ਪਹਿਰਾ ਆਉਂਦਾ ਹੀ ਨਹੀਂ। ਉਹ ਸਦਾ ਵਿਗਾਸ ਵਿਚ ਰਹਿੰਦੇ ਹਨ। ਉਨਾਂ ਦਾ ਖੇੜਾ ਕੇਵਲ ਆਪਣੇ ਤਕ ਸੀਮਿਤ ਨਹੀਂ ਹੁੰਦਾ ਸਗੋਂ ਉਨਾਂਦੀ ਛੋਹ ਮਾਤਰ ਵਿਚੋਂ ਖੇੜਾ ਡੁਲ ਡੁਲ੍ਹ ਪੈਂਦਾ ਹੈ ਅਤੇ ਉਸ ਖੇੜੇ ਤੋਂ ਦੁਨੀਆਂ ਉਠਦੀ ਹੈ। ਵਰਣਨ ਆਉਂਦਾ ਹੈ :

ਕਚਉ ਕੰਚਨੁ ਭਇਅਉ, ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖ ਭਣਿਅਉ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਉ ਬੀਚਾਰੈ ॥

ਸਤਿਗੁਰੂ ਚਰਨ ਜਿਨ ਪਰਸਿਆ
ਸੇ ਪਸੂ ਪ੍ਰੇਤ ਸੁਰਿਨਰ ਭਇਆ ॥

ਤੇ ਫਿਰ :

ਤਹਿ ਲੋਭ ਕ੍ਰੋਧ ਤ੍ਰਿਸਨਾ ਤਜੀ. ਸੁਮਤਿ ਜਲਿ ਜਾਨੀ ਜੁਗਤਿ ॥
ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥

ਤਾਹੀਉਂ ਤੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਏਕ ਹੀ ਸਰੀਰ ਕੇ ਜੇ ਹੋਵਾਂ ਮੈਂ ਕਰੋੜ ਰੂਪ,
ਸਤ ਸਤ ਕਰੋੜ ਰੋਮ ਸਭੇ ਹੀ ਸਰੀਰ ਕੇ।
ਏਕ ਏਕ ਰੋਮ ਪਹਿ, ਸੀਸ ਹੋਵੇ ਕੋਟਿ ਕੋਟਿ
ਕੋਟਿ ਕੋਟਿ ਸੀਸੁ ਪਾਹੇ, ਹੋਵਨ ਮੁਖ ਚਾਰ ਕੇ।
ਏਕ ਏਕ ਮੁਖ ਮਹਿ ਜਿਹਬਾ ਹੋਵੇ ਕੋਟਿ ਕੋਟਿ,
ਕੋਟਿ ਕੋਟਿ ਜਿਹਬਾ ਨਾਲ ਸੁਨਉ ਜਸ ਅਸੀਰ ਕੇ।
ਕਹਤ ਗੁਰਦਾਸ ਭੱਲਾ, ਤਉ ਭੀ ਹਉ ਅਜਾਨ ਮਤਿ.
ਜਸਕੋ ਨ ਅੰਤ ਆਵੇ, ਸ੍ਰੀ ਸਤਿਗੁਰ ਸਰੀਰ ਕੇ।

**ਪਾਠਕਾਂ ਪ੍ਰਤੀ :—** 'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ ਦਿਤੀ ਜਾਂਦੀ ਹੈ ਕਿ ਅਸੀਂ 'ਸੂਰਾ' ਰਾਹੀਂ ਕਈ ਵਾਰੀ ਬੇਨਤੀ ਕਰ ਚੁਕੇ ਹਾਂ ਕਿ ਜਿਨ੍ਹਾਂ ਜਿਨ੍ਹਾਂ ਸਜਣਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਉਹ ਸ਼ੀਘਰ ਹੀ ਆਪਣੇ ਆਪਣੇ ਚੰਦੇ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਉਹਨਾਂ ਦੇ ਨਾਮ ਅਗੋਂ ਲਈ 'ਸੂਰਾ' ਜਾਰੀ ਰਹਿ ਸਕੇ। ਮਾਇਆ ਕੇਵਲ ਮੈਨੇਜਰ 'ਸੂਰਾ' ਦੇ ਨਾਮ ਹੀ ਆਉਣੀ ਚਾਹੀਦੀ ਹੈ, ਕਿਸੇ ਜ਼ਾਤੀ ਨਾਮ ਤੇ ਨਾਂ ਭੇਜੀ ਜਾਵੇ, ਤਾਕਿ ਕੋਈ ਔਕੜ ਪੇਸ਼ ਨਾ ਆਵੇ।

ਸਾਲਾਨਾ ਚੰਦਾ ਦੇਸ—੬) ਰੁਪੈ ਪ੍ਰਦੇਸ—੧੦) ਰੁਪੈ ਲਾਈਫ ਮੈਂਬਰ—੧੫੦) ਰੁਪੈ ਪ੍ਰਤੀ ਕਾਪੀ ੬੦ ਪੈਸੇ
ਪ੍ਰਦੇਸੀ ਵੀਰ ਹਵਾਈ ਜਹਾਜ਼ ਰਾਹੀਂ ਪਰਚਾ ਮੰਗਾਉਣ ਵਾਸਤੇ 25 ਰੁਪੈ ਫ਼ਾਲਤੂ ਭੇਜਣ।

ਮੈਨੇਜਰ, 'ਸੂਰਾ' ਰਾਘੋਮਾਜਰਾ, ਪਟਿਆਲਾ।

**ਲੇਖਕਾਂ ਪ੍ਰਤੀ ਜ਼ਰੂਰੀ ਸੂਚਨਾਂ:**—ਸੂਰਾ' ਦਾ ਅਗਲਾ ਪ੍ਰਚਾ **ਨਿਰੰਕਾਰੀ ਅੰਕ'** ਹੋਵੇਗਾ ਇਸ ਲਈ ਲੇਖਕ ਸਜਣ ਆਪਣੀਆਂ ਆਪਣੀਆਂ ਰਚਨਾਵਾਂ ਸ਼ੀਘਰ ਹੀ ਭੇਜਣ ਦੀ ਕ੍ਰਿਪਾਲਤਾ ਕਰਨ।

ਦਾਸ—ਮੈਨੇਜਰ ਸੂਰਾ, ਪਟਿਆਲਾ।

www.AKJ.Org

ਗੁਰਮਤ ਭਾਵਾਂ ਭਿੰਨਾ

# ਤਖ਼ਤ ਦਮਦਮਾ ਸਾਹਿਬ ਦਾ ਸਮਾਗਮ

[ ਵਲੋਂ:—ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ੍ਹ ]

ਇਸ ਸਾਲ ਬੀਤੇ ਮਹੀਨੇ 7-8-9 ਤਾਰੀਖ ਨੂੰ ਪਹਿਲੀਵਾਰ ਤਖ਼ਤ ਸ੍ਰੀ ਦਮਦਮੇ ਸਾਹਿਬ ਤਲਵੰਡੀ ਸਾਬੋ ਦੇ ਮੁਕਾਮ ਉਤੇ ਦਮਦਮੀ ਬੀੜ ਦਾ ਪਹਿਲਾ ਪ੍ਰਕਾਸ਼ ਉਤਸ਼ਵ, ਅਤੇ ਤਖਤ ਦਮਦਮਾ ਸਾਹਿਬ ਜੀ ਦੀ ਸਥਾਪਤੀ ਦਾ ਇਕ ਗੁਰਮਤ ਪ੍ਰਭਾਵੀ ਵਾਯੂ ਮੰਡਲ ਵਿਚ ਮਨਾਇਆ ਗਿਆ।

ਇਸ ਸਮਾਗਮ ਨੂੰ ਮਨਾਉਣ ਲਈ ਅਖੰਡ ਕੀਰਤਨੀ ਜਥਾ ਪਟਿਆਲਾ ਬਸਾਂ ਉਤੇ ਪੁਜਿਆ ਅਤੇ ਦੂਰੋਂ ਨੇੜਿਓਂ, ਦਿਲੀ ਕਰਨਾਲ, ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਬੀਕਾਨੇਰ ਤੇ ਮਾਲਵੇ ਤੋ ਬਹੁਤ ਸਾਰੇ ਸ਼ਹਿਰਾਂ ਤੇ ਨਗਰਾਂ ਤੋਂ ਸੰਗਤਾਂ ਪੁਜੀਆਂ ਹੋਈਆਂ ਸਨ।

ਅਖੰਡ ਕੀਰਤਨੀ ਜਥਿਆਂ ਦੀ ਰਿਹਾਇਸ਼ ਦੀ ਸੇਵਾ ਬੁੰਗਾ ਮਸਤੂਆਣੇ ਦੇ ਬਿਹੰਗਮਾਂ ਵਲੋਂ ਬੜੇ ਪ੍ਰੇਮ ਨਾਲ ਕੀਤੀ ਗਈ। ਬਸਾਂ ਦੇ ਪੁਜਦਿਆਂ ਹੀ ਫੌਰਨ ਬਾਦ, ਬੁੰਗਾ ਮਸਤੂਆਣਾ ਵਿਖ ਕੀਰਤਨ ਅਰੰਭ ਹੋ ਗਿਆ। ਸਾਢ ਨੌ ਵਜੇ ਤੱਕ ਅਖੰਡ ਕੀਰਤਨ ਹੋਇਆ ਫਿਰ ਤਖਤ ਸਾਹਿਬ ਤੋਂ ਸੱਦਾ ਆ ਜਾਣ ਤੇ ਸੰਗਤਾਂ ਉਥੇ ਪੁਜ ਗਈਆਂ। ਰਾਤ ਦੇ 12 ਬਜੇ ਤੱਕ ਤਖਤ ਸਾਹਿਬ ਉਤੇ ਸੰਗਤਾਂ ਨੇ ਅਖੰਡ ਕੀਰਤਨ ਦਾ ਰਸ ਮਾਣਿਆ।

8 ਤਾਰੀਖ ਨੂੰ ਤਖਤ ਸਾਹਿਬ ਦ ਸਾਹਮਣੇ ਗੁਰੂ ਤੇਗ ਬਹਾਦਰ ਜੀ ਦੀ ਮੰਜੀ ਸਾਹਿਬ ਦ ਸਨਮੁਖ ਕੀਰਤਨ ਅਰੰਭ ਹੋਇਆ। ਇਸ ਦਿਨ ਨੇੜੇ ਤੋਂ ਹੋਰ ਸੰਗਤਾਂ ਤੇ ਕੀਰਤਨ ਰਸੀਏ ਪੁਜ ਗਏ ਸੀ। ਕੀਰਤਨ ਬਹੁਤ ਚੜ੍ਹਦੀ ਕਲਾ ਵਿਚ ਹੋਇਆ।

ਵੱਡਾ ਤੇਰਾ ਦਰਬਾਰ ਸਚਾ ਤੁਧ ਤਖਤ'
'ਹਰਿ ਸਚੇ ਤਖਤ ਰਚਾਇਆ ਬੈਸਣ ਕਉ ਜਾਈ॥

ਦੇ ਭਾਵ-ਟੁੰਬਵੇਂ ਸ਼ਬਦਾਂ ਤੋਂ ਕੀਰਤਨ ਅਰੰਭਿਆ ਇਸ ਲੜੀ ਨਾਲ ਹੀ ਜਥੇ ਨੇ ਧੰਨ ਧੰਨ ਬਾਬਾ ਦੀਪ ਸਿੰਘ ਜੀ, ਦੀ ਧੁਨ ਲਗਾਉਂਦਿਆਂ 'ਜੇ ਤਉ ਪ੍ਰੇਮ ਖੇਲਨ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ। 'ਹਮ ਸਿਰ ਵੇਚਿਓ ਗੁਰਕੇ॥ ਗੁਰ ਸਤਗਿਰ ਪਹਿ ਸਰੀਰ ਹਮ ਵੇਚਿਆ, ਆਦਿਕ ਸ਼ਬਦਾਂ ਰਾਹੀਂ ਸਚ ਮੁਚ ਸਦੀਆਂ ਪਹਿਲਾਂ ਬੀਤੀ ਅਵਸਥਾ ਦੀ ਯਾਦ ਤਾਜ਼ਾ ਕਰ ਦਿਤੀ ਅਤੇ ਸੁਤੀਆਂ ਕਲਾਂ ਜਗਾ ਕੇ ਸਰੋਤਿਆਂ ਦੇ ਨੈਣ ਸੱਜਲ ਕਰੀ ਰਖੇ। ਕੀਰਤਨ ਕਿਉਂਕਿ ਗੁਰੂ ਤੇਗ ਬਹਾਦਰ ਜੀਦੀ ਮੰਜੀ ਸਾਹਿਬ ਸਾਹਮਣੇ ਸੀ ਇਸ ਲਈ ਹਿੰਦ ਦੀ ਚਾਦਰ ਦੀ ਸ਼ਹੀਦੀ ਯਾਦ ਤੇ ਕਾਰਨਾਮਿਆਂ ਦੀ ਝਲਕ ਕਿਵੇਂ ਨਾ ਆਉਂਦੀ। ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਸਿਖ ਭਾਈ ਮਤੀ ਦਾਸ ਭਾਈ ਦਿਆਲੇ ਵਲ ਵੀ ਸਰੋਤਿਆਂ ਦੀਆਂ ਰੁਚੀਆਂ ਖਿਚ ਖੜੀਆਂ। ਫਿਰ ਬੀਬੀਆਂ ਨੇ ਪਰਮ ਪ੍ਰਬੰਧੇ ਮਨੋਹਰ ਸ਼ਬਦਾਂ ਦਾ ਗਾਇਨ ਕੀਤਾ ਤੇ ਕੀਰਤਨ ਦਾ ਸਾਢੇ 12 ਵਜੇ ਦੇ ਕਰੀਬ ਭੋਗ ਪਿਆ।

ਇਸ ਤਖਤ ਦਾ ਇਹ ਪਹਿਲਾ ਉਤਸ਼ਵ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਰੇਮੀ ਜਥਿਆਂ

www.AKJ.Org

ਵਲੋਂ ਵਿਸ਼ੇਸ਼ ਕਰਕੇ ਇਸ ਲਈ ਕੀਤਾ ਜਾ ਰਿਹਾ ਹੈ ਕਿ, ਭਾਈ ਸਾਹਿਬ ਜੀ ਇਸ ਤਖਤ ਦੇ ਜ਼ਬਰਦਸਤ ਸਮਰਥਕ ਸਨ। ਪੰਚ ਖਾਲਸਾ ਦੀਵਾਨ ਦੀ ਕਾਇਮੀ ਦਾ ਫੈਸਲਾ ਵੀ ਏਸੇ ਕਾਰਨ ਏਥੇ ਕੀਤਾ ਗਿਆ ਸੀ, ਫਿਰ ਭਾਈ ਸਾਹਿਬ ਜੀ ਨੇ 'ਦਮਦਮਾ ਦੀਵਾਨ' ਕਾਇਮ ਕਰਕੇ ਏਥੋਂ ਦੇ ਸਕੂਲ ਦੀ ਸੇਵਾ ਕੀਤੀ ਸੀ । ਇਸ ਤਖਤ ਸਾਹਿਬ ਬਾਰੇ ਖੋਜ ਕਰਨ ਲਈ ਵੀ ਉਨ੍ਹਾਂ ਨੇ ਪੰਡਤ ਕਰਤਾਰ ਸਿੰਘ ਜੀ ਦਾਖਾ ਦੇ ਕਹਿਣ ਤੇ ਦਾਸ ਨੂੰ ਲੁਧਿਆਣੇ ਮੰਗਵਾਕੇ ਹੁਕਮ ਕੀਤਾ ਸੀ । 'ਅਸੀਂ ਤਾਂ ਪੁਰਾਣੇ ਸਮਿਆਂ ਤੋਂ ਹੀ ਇਸ ਧਾਮ ਨੂੰ ਤਖਤ ਮੰਨਦੇ ਆ ਰਹੇ ਹਾਂ। ਦੀ ਭੂਮੀ ਦਾ ਇਕ ਮਾਸਟਰ ਪਲਾਇਨ ਬਣਾਕੇ ਆਸ ਪਾਸ ਬਾਜ਼ਰ ਬਸਾਏ ਜਾਣ ਅਤੇ ਸੰਗਤਾਂ ਲਈ ਵਧੀਆ ਫਲੈਟ ਤੇ ਕਮਰੇ ਉਪਰ ਤਿਆਰ ਕੀਤੇ ਜਾਣ ਤਾਂ ਜੁ ਰੌਣਕ ਵਧ ਸਕੇ ।

ਸ਼ਾਮ ਨੂੰ ਸੰਗਤਾਂ ਨੇ ਗੁਰਧਾਮਾਂ ਦੇ ਦਰਸ਼ਨ ਕੀਤੇ, ਅਠ ਬਜੇ ਫਿਰ ਏਸੇ ਥਾਂ ਉਤੇ ਕੀਰਤਨ ਅਖਾੜੇ ਜੰਮ ਗਏ । ਦਮਦਮੇ ਦੇ ਉਚੇ ਸਥਾਨ ਅਤੇ ਤਖਤ ਸਾਹਿਬ ਦੇ ਵਿਚਕਾਰਲਾ ਸਾਰਾ ਥਾਂ ਸੰਗਤਾਂ ਨਾਲ ਭਰਪੂਰ ਸੀ । ਇਸ ਸਥਾਨ ਉਤੇ ਜੋ ਅਹਿਮ ਯਾਦਗਾਰੀ ਘਟਨਾਵਾਂ ਹੋਈਆਂ ਹਨ, ਉਨਾਂ ਵਿਚ ਤਖਤ ਦੀ ਗੌਰਵਤਾ ਅਤੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਦੀ ਰਿਹਸਮਈ ਅਵਸਥਾ ਸਵੇਰ ਦੇ ਕੀਰਤਨ ਵਿਚ ਸੰਗਤਾਂ ਸਰਵਣ ਕਰ ਚੁਕੀਆਂ ਸਨ। ਦੂਜੀ ਅਹਿਮ ਘਟਨਾ, ਅਨੰਦ ਪੁਰ ਦੇ ਪੰਥ-ਵਿਛੋੜੇ ਪਿਛੋਂ ਏਥੇ ਖਾਲਸਾ ਜੀ ਦੇ ਮੁੜ ਜੁੜਨ ਦੀ ਹੈ । ਤਦੋਂ ਇਸ ਇਸ ਸਾਰੇ ਇਲਾਕੇ ਨੂੰ ਲੱਖੀ ਜੰਗਲ ਕਿਹਾ ਜਾਂਦਾ ਸੀ, ਇਸ ਸਥਾਨ ਉਤੇ ਦੀਵਾਨ ਸਾਧੂਆਂ, ਮਾਲਵੇ ਦੇ ਕਵੀਆਂ ਦੇ ਕਵੀ ਦਰਬਾਰ ਵੀ ਮਘੇ ਸੀ ਤੇ ਭਾਰੀ ਪੈਮਾਨੇ ਤੇ ਅੰਮ੍ਰਿਤ ਸੰਚਾਰ ਵੀ ਹੋਇਆ ਸੀ। ਸ੍ਰੀ ਦਸਮੇਸ਼ ਜੀ ਨੇ ਵੈਰਾਗੀ ਵਸਲ ਦੀ ਏਸ ਅਵਸਥਾ ਨੂੰ 'ਲੱਖੀ ਜੰਗਲ ਖਾਲਸਾ ਆਏ ਦੀਦਾਰ ਲਗੋਨਿ' ਮਾਝ ਵਿਚ ਕਥਨ ਕੀਤਾ ਹੈ। ਕੀਰਤ[illegible] ਦਾ ਮੁਖ ਵਿਸ਼ਾ ਵੀ ਏਸੇ ਮਾਝ ਦੇ ਦਰਸ ਮਿਲਾ[illegible] ਵਾਲਾ ਸੀ ।

ਕੀਰਤਨ ਅਰੰਭ ਹੋਕੇ, ਸਾਢੇ ਤਿੰਨ ਘੰ[illegible] ਇਸ ਵਿਸ਼ੇ ਦੇ ਭਿੰਨ ਭਿੰਨ ਪਹਿਲੂਆਂ ਨੂੰ ਜਿਸ ਭਾਂ[illegible] ਦੇ ਸ਼ਬਦਾਂ ਨਾਲ ਪੇਸ਼ ਕੀਤਾ ਉਸ ਨਾਲ ਸੰਗਤਾਂ [illegible] ਹਿਰਦੇ ਦਰਵ ਗਏ ਰਸ ਦੇ ਸਮੁੰਦਰ ਵਿ[illegible] ਟੁਭੀਆਂ ਲਗੀਆਂ ਰਹੀਆਂ । ਬੀਬੀਆਂ ਨੇ ਨਾਲੋ ਨਾਲ ਏਸੇ ਵਿਸ਼ੇ ਨੂੰ ਨਿਰੂਪਣ ਕਰਨ ਵਾਲ ਸ਼ਬ[illegible] ਦੀਆਂ ਵੈਰਾਗੀ ਧੁਨਾਂ ਤੇ ਮਿਲਾਪ ਦੇ ਹੁਲਾਸ ਭ[illegible] ਸ਼ਬਦਾਂ ਤੇ ਧੰਨ 'ਗੁਰੂ ਗੋਬਿੰਦ ਸਿੰਘ' ਜੀ ਦੀਅ[illegible] ਧੁਨਾਂ ਲਾ ਲਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਦੇ ਭੌਰ[illegible] ਬਣਾਈ ਰਖਿਆ । ਹਰਿ ਸਚੇ ਤਖ਼ਤ[illegible] ਰਚਾਇਆ ਸਤਿ ਸੰਗਤ ਮੇਲਾ।' ਚਾਨਣੀ ਰਾਤ[illegible] ਵਿਚ ਸ਼ਬਦ ਸੁਗੰਧੀਆਂ ਤੇ ਸੰਗੀਤਕ[illegible] ਧੁਨਾਂ ਅਜੇਹੀਆਂ ਘੋਲੀਆਂ ਕਿ ਮਾਨੋ ਵਾਯੂ ਮੰਡਲ ਹੀ ਝੂਮ ਰਿਹਾ ਸੀ । ਰਾਤ ਦੇ ਇਕ ਬਜੇ [illegible] ਕਰੀਬ ਕੀਰਤਨ ਦੀ ਸਮਾਪਤੀ ਹੋਈ।

੯ ਤਾਰੀਖ ਨੂੰ ਸਵੇਰੇ ਸੰਗਤਾਂ ਨੇ ਭਾਈ ਡੱ[illegible] ਦੇ ਪਰਵਾਰ ਦੇ ਘਰੇ ਬਖਸ਼ੀਆਂ ਵਸਤੂਆਂ [illegible] ਦਰਸ਼ਨਾਂ ਨੂੰ ਵਹੀਰਾਂ ਪਾ ਦਿਤੀਆਂ । ਫਿਰ ਪਹਿ[illegible] ਉਸੇ ਟਿਕਾਣੇ ਉਤੇ ਸੰਗਤਾਂ ਕੀਰਤਨ ਲਈ ਭਾਰ[illegible] ਗਿਣਤੀ ਵਿਚ ਜੁੜ ਪਈਆਂ ।

ਅਖੰਡ ਕੀਰਤਨੀ ਜਥੇ ਦੇ ਮੁਖੀ ਨੂੰ ਸਿਰੋਪ[illegible] ਉਂਦੀ ਬਖਸ਼ੀਸ਼ ਹੋਈ ਜਥ ਨੂੰ ਚੜਦੀਆਂ ਕਲ[illegible] ਵਿਚ ਰਹਿਣ ਦੀਆਂ ਅਸੀਸਾਂ ਭਾਈ ਸਾਹਿਬ ਭਾਈ [illegible] ਰਣਧੀਰ ਸਿੰਘ ਜੀ ਦੀ ਕੁਰਬਾਨੀ ਨਿਰਮਾਣ ਸੇ[illegible] ਅਤੇ ਕੀਰਤਨ ਦੀ ਜੋਤੀ ਜਗਾਉਣ ਦੀ ਸ[illegible] ਸਜਣਾ ਵਲੋਂ ਪ੍ਰਸੰਸਾ ਹੁੰਦੀ ਰਹੀ ।

੯ ਬਜੇ ਦੇ ਕਰੀਬ ਕੀਰਤਨ ਅਰੰਭ ਹੋਇਆ । ਤੇ ਕੀਰਤਨੀ ਜਥੇ ਨੂੰ "ਪ੍ਰਭ ਬਾਣੀ ਸ਼ਬਦ ਸੁਭਾਖਿਆ" ਸ਼ਬ[illegible] ਅਰੰਭ ਕਰਕੇ, ਗੁਰੂ ਗ੍ਰੰਥ ਸਾਹਿਬ ਤੇ ਬਾਣੀ ਦ[illegible]

www.AKJ.Org

# ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ

(ਬੀਬੀ ਪ੍ਰੇਮ ਕੌਰ, ਐਮ. ਏ. ਬੀ. ਐਡ. ਧਾਰਾ ਰੋਡ ਫੈਜ਼ਾਬਾਦ ਯੂ ਪੀ.)

ਆਮ ਤੌਰ ਤੇ ਇਹ ਵਿਚਾਰ ਕੀਤੀ ਜਾਏ ਅੰਮ੍ਰਿਤ ਕੀ ਵਸਤੂ ਹੈ, ਇਸਦੀ ਪ੍ਰਾਪਤੀ ਕਿਥੋਂ ਦੀ ਹੈ ਅਤੇ ਇਸਦੀ ਪ੍ਰਾਪਤੀ ਨਾਲ ਲਾਭ ਕੀ ਦਾ ਹੈ ? ਪੰਚਮ ਪਾਤਸ਼ਾਹ ਜੀ ਕਹਿੰਦੇ ਹਨ:—

'ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (ਸੁਖਮਨੀ ਸਾਹਿਬ)

ਅਰਥਾਤ ਅੰਮ੍ਰਿਤ ਦੀ ਪ੍ਰਾਪਤੀ 'ਨਾਮ' ਤੋਂ ਦੀ ਹੈ। ਅਤੇ ਇਹ ਅੰਮ੍ਰਿਤ ਦੀ ਦਾਤ ਸਾਡੇ ਵਚ ਉਸੇ ਤਰਾਂ ਮੌਜੂਦ ਰਹਿੰਦੀ ਹੈ ਜਿਸ ਤਰਾਂ ਗ੍ਰਿਗ ਦੀ ਨਾਭਿ ਵਿਚ ਕਸਤੂਰੀ। ਇਸਦੀ ਪ੍ਰਾਪਤੀ ਨਾਲ ਨਉਂ ਨਿਧੀਆਂ ਅਠਾਰਾਂ ਸਿਧੀਆਂ ਦੀ ਪ੍ਰਾਪਤੀ ਹੋਂਦੀ ਹੈ। ਪ੍ਰਭ ਦਾ ਨਾਮ ਇਕ ਅਨਮੋਲ ਹੀਰਾ ਹੈ ਜੋ ਸਾਨੂੰ ਗੁਰਮਤਿ ਦੇ ਰਾਹ ਤੇ ਚਲਣ ਲਈ ਰੋਸ਼ਨੀ ਦਿੰਦਾ ਹੈ—

'ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ।'

ਦੁਨੀਆਂ ਦੀ ਹਰ ਇਕ ਚੀਜ਼ ਵਿਚ ਮਿਲਾਵਟ ਹੋ ਸਕਦੀ ਹੈ ਸੋਨੇ ਵਿਚ ਮਿਲਾਵਟ ਹੋ ਸਕਦੀ ਹੈ, ਨਕਲੀ ਹੀਰੇ ਬਣ ਸਕਦੇ ਹਨ ਲੇਕਿਨ ਪ੍ਰਭੂ ਦਾ ਨਾਮ ਇਕ ਕਸੌਟੀ ਹੈ, ਪ੍ਰਭੂ ਦਾ ਨਾਮ ਅੰਮ੍ਰਿਤ ਹੈ ਜਿਸਦੇ ਸਿਮਰਨ ਨਾਲ ਜਨਮ ਜਨਮਾਂਤਰਾਂ ਦੇ ਦੁਖ ਕਲੇਸ਼ ਮਿਟ ਜਾਂਦੇ ਹਨ।

ਦੁਨੀਆਂ ਵਿਚ ਵਡੇ ਵਡੇ ਵਿਦਵਾਨ ਹੋਏ ਉਨਾਂ ਵਡੇ ਵਡੇ ਗ੍ਰੰਥ ਲਿਖੇ। ਉਨਾਂ ਗ੍ਰੰਥਾਂ ਨੂੰ ਪੜ੍ਹ ਕੇ ਅਸੀ ਇਕ ਵਾਰ ਵਿਚ ਹੀ ਅੱਕ ਜਾਂਦੇ ਹਾਂ ਲੇਕਿਨ ਸਚੇ ਗੁਰੂ ਦੀ ਬਾਣੀ ਜਿਸਨੂੰ ਅਸੀਂ ਰੋਜ਼ ਪੜਦੇ ਹਾਂ ਅਤੇ ਜਿਤਨਾ ਪੜਦੇ ਹਾਂ ਉਤਨਾ ਹੀ ਰਸ ਹੋਰ ਮਿਲਦਾ ਹੈ। ਕਿਉਂਕਿ ਗੁਰੂ ਦੀ ਬਾਣੀ ਅੰਮ੍ਰਿਤ ਬਾਣੀ ਹੈ। ਨਿਸਚੇ ਹੀ ਬਾਣੀ ਪੜਨ ਨਾਲ ਨਾਮ ਜਪਣ ਨਾਲ ਅੰਮ੍ਰਿਤ ਦੀ ਪ੍ਰਾਪਤੀ ਹੋਂਦੀ ਹੈ—

"ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ" [ਸੁਖਮਨੀ ਸਾਹਿਬ]

'ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ
ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ॥

---

ਮਹੱਤਵ ਗੁਰ ਦੀਖਿਆ ਦੇਣ ਦਾ ਅਧਿਕਾਰ ਗੁਰੂ ਦੀ ਵੱਡੀ ਵਡਿਆਈ ਦੇ ਅਜੇਹੀ ਅਸਚਰਜਮਈ ਸ਼ਬਦਾਂ ਵਿਚ ਨਜ਼ਾਰੇ ਪ੍ਰਦੀਪਤ ਕੀਤੇ, ਕਿ ਕੱਚਿਆਂ ਗੁਰੂਆਂ ਦਾ ਪਖੰਡ ਜਿਵੇਂ ਕਫੂਰ ਵਾਂਗ ਉਡ ਰਿਹਾ ਹੋਵੇ। ਪੂਰੇ ਸਿਖਰ ਉਤੇ ਤਿੰਨ ਘੰਟੇ ਸੰਗਤਾਂ ਦੀਆਂ ਬਿਰਤੀਆਂ ਦੀਆਂ ਡੋਰਾਂ ਕੀਰਤਨ ਧੁਨਾਂ ਰਾਹੀਂ ਗੁਰ ਚਰਨਾਂ ਵਿਚ ਜੋੜੀ ਰਖੀਆਂ।

ਸੰਗਤਾਂ ਉਤੇ ਪੂਰੇ ਗੁਰੂ ਦੀ ਵਡਿਆਈ ਦੇ ਰਹਸ ਖੁਲਦੇ ਰਹੇ ਅਤੇ ਹੁਲਾਸੇ ਮਨ ਦੱਗ ਦੱਗ ਹੋਕੇ ਫੁਲਾਂ ਵਾਂਗ ਟਾਹ ਟਾਹ ਕਰ ਖਿੜਦੇ ਰਹੇ। ਉਪ੍ਰੰਤ ਬੀਬੀਆਂ ਨੇ ਬਾਣੀ ਗੁਰੂ ਗੁਰੂ ਹੈ ਬਾਣੀ, ਹਮਾਰੀ ਪਿਆਰੀ ਅੰਮ੍ਰਿਤ ਧਾਰੀ ਆਦਿਕ ਗੁਰਬਾਣੀ ਦੇ ਮਹਤਵ ਭਰੇ ਖਜ਼ਾਨੇ ਵਲ ਸੰਗਤਾਂ ਦੀਆਂ ਬਿਰਤੀਆਂ ਅਕਾਸ਼ਰਤ ਕਰਕੇ ਨਿਹਾਲ ਕੀਤਾ।

www.AKJ.Org

ਗੁਰਮਤਿ ਅਨੁਸਾਰ ੧੬੯੯ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਨੂੰ ਇਕ ਨਵਾਂ ਰੂਪ ਦਿਤਾ। ਇਹ ਅੰਮ੍ਰਿਤ ਸਾਨੂੰ ਪੰਜ ਪਿਆਰਿਆਂ ਤੋਂ ਮਿਲਦਾ ਹੈ। ਸੂਛਮ ਤੌਰ ਤੇ ਵੇਖਿਆ ਜਾਏ ਤਾਂ ਜੋ ਇਹ ਬਾਟੇ ਦਾ ਅੰਮ੍ਰਿਤ ਹੈ ਉਹ ਖੰਡੇ ਦੀ ਧਾਰ ਤੋਂ ਬਾਣੀ ਦੇ ਪੜਨ ਨਾਲ ਪੈਦਾ ਹੋਇਆ। ਅਤੇ ਇਹ ਅੰਮ੍ਰਿਤ ਸਾਨੂੰ ਗਰਮਤਿ ਦੇ ਰਾਹ ਉਤੇ ਚਲਣ ਲਈ ਪ੍ਰੇਰਦਾ ਹੈ। ਅੰਮ੍ਰਿਤ ਦੀ ਇਕ ਛਿਟ ਇਕ ਬੂੰਦ ਅਤੇ ਇਕ ਕਣ ਦਾ ਸਾਡੇ ਤੇ ਕੀ ਅਸਰ ਪੈਂਦਾ ਹੈ? ਅੰਮ੍ਰਿਤ ਪੀਣ ਨਾਲ ਸਾਡੀ ਅੰਤਰ ਆਤਮਾਂ ਸੁਧ ਹੋ ਜਾਂਦੀ ਹੈ। ਅੰਮ੍ਰਿਤ ਪੀਣ ਨਾਲ ਸਾਡੀ ਦ੍ਰਿਸ਼ਟੀ ਸ਼ੁਧ ਹੋ ਜਾਂਦੀ ਹੈ। ਅੰਮ੍ਰਿਤ ਦੀ ਇਕ ਬੂੰਦ (ਹਰਿ ਅੰਮ੍ਰਿਤ ਬੂੰਦ ਸੁਹਾਵਣੀ) ਨਾਲ ਜਨਮ ਜਨਮਾਂਤਰਾਂ ਦੀ ਪਿਆਸ ਮਿਟ ਜਾਂਦੀ ਹੈ। ਅੰਮ੍ਰਿਤ ਦੀ ਇਕ ਬੂੰਦ ਸਾਨੂੰ ਚੌਰਾਸੀਹ ਲੱਖ ਦੇ ਗੇੜ ਤੋਂ ਬਚਾ ਲੈਂਦੀ ਹੈ।

'ਕਿਨਕਾ ਏਕ ਜਿਸੁ ਜੀਅ ਬਸਾਵੈ
ਤਾਕੀ ਮਹਿਮਾ ਗਨੀ ਨ ਆਵੈ ॥

ਗੁਰੂ ਰਾਮਦਾਸ ਸਰ (ਅੰਮ੍ਰਿਤ ਸਰ) ਵੀ ਇਕ ਅੰਮ੍ਰਿਤ ਸਰੋਵਰ ਹੈ। ਜਿਸ ਵਿਚ ਇਸ਼ਨਾਨ ਕਰਨ ਨਾਲ ਕਾਂ (crow) ਹੰਸ ਹੋ ਜਾਂਦਾ ਹੈ। ਅਤੇ ਮਨੁਖੀ ਸਰੀਰ ਕੰਚਨ ਵਰਗਾ ਹੋ ਜਾਂਦਾ ਹੈ। ਇਸ ਵਿਚ ਇਸ਼ਨਾਨ ਕੀਤਿਆਂ ਜਨਮ ਜਨਮਾਂਤਰਾਂ ਦੇ ਪਾਪ ਕਟੇ ਜਾਂਦੇ ਹਨ। ਇਸ ਵਿਚ ਇਸ਼ਨਾਨ ਕੀਤਿਆਂ ਸ਼ਰੀਰ ਦੇ ਰੋਗ ਕਟੇ ਜਾਂਦੇ ਹਨ। ਇਸ ਵਿਚ ਇਸ਼ਨਾਨ ਕੀਤਿਆਂ ਦੁਖ ਕਲੇਸ਼ ਕਟੇ ਜਾਂਦੇ ਹਨ। ਇਸ ਵਿਚ ਇਸ਼ਨਾਨ ਕੀਤਿਆਂ ਕੁਲਾਂ ਤਰ ਜਾਂਦੀਆਂ ਹਨ ਅਤੇ ਜੀਆਂ ਦਾ ਉਧਾਰ ਹੋ ਜਾਂਦਾ ਹੈ—

'ਰਾਮਦਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ।'
(ਸੋਰਠ ਮ: ੫)

'ਸੰਤਹੁ ਰਾਮਦਾਸ ਸਰੋਵਰ ਨੀਕਾ
ਜੋ ਨਾਵੈ ਸੋ ਕੁਲ ਤਰਾਵੈ ਉਧਾਰੁ ਹੋਆ ਹੈ ਜੀਕਾ।'

ਸਵਾਲ ਉਠਦਾ ਹੈ ਕਿ ਇਸ ਸਰੋਵਰ ਵਿਚ ਇਤਨੀ ਸ਼ਕਤੀ ਆਈ ਕਿਥੋਂ? ਇਤਨੀ ਸ਼ਕਤੀ ਇਸ ਸਰੋਵਰ ਵਿਚ ਤਾਂ ਹੈ ਜੋ ਉਥੇ ਅਠੇ ਪੇਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੋਂਦਾ ਹੈ। ਉਥੇ ਅੰਮ੍ਰਿਤ ਬਾਣੀ ਦਾ ਕੀਰਤਨ ਹੋਂਦਾ ਹੈ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਂਦਾ ਹੈ। ਜਿਸਦੀ ਬਾਣੀ ਸਾਡੇ ਲਈ ਪ੍ਰਤੱਖ ਗੁਰੂ ਹੈ ਅਤੇ ਅੰਮ੍ਰਿਤ ਰੂਪ ਹੈ।

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।'

ਜਿਸਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਗਈ ਹੈ ਜੋ ਅੰਮ੍ਰਿਤ ਦਾ ਵਪਾਰੀ ਹੈ ਉਹ ਹੀ ਅੰਮ੍ਰਿਤ ਦੀ ਸਾਰ ਜਾਣਦਾ ਹੈ। ਕਿ ਅੰਮ੍ਰਿਤ ਦੇ ਪੀਣ ਨਾਲ ਕੀ ਹੋਂਦਾ ਹੈ। ਅਤੇ ਜਿਨਾਂ ਨੇ ਅੰਮ੍ਰਿਤ ਪੀਤਾ ਹੈ—

'ਇਹੁ ਹਰਿ ਰਸੁ ਪਾਵੈ ਜਨੁ ਕੋਇ
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ। [ਸੁਖਮਨੀ ਸਾਹਿਬ]
ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ
ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ ॥

---

# ਰੈਣ ਸਬਾਈ ਕੀਰਤਨ

ਸੰਮੂਹ ਸੰਗਤਾਂ ਦੀ ਸੇਵਾ ਵਿਖੇ ਸਨਿਮਰ ਬਿਨੇ ਹੈ ਕਿ ਨਿਰਮਾਣ ਕੀਰਤਨੀ ਜਥਾ ਜਾਲੰਧਰ ਵਲੋਂ ਸ੍ਰ. ਕੁਲਦੀਪ ਸਿੰਘ ਲੇਬਰ ਆਫੀਸਰ ਮਕਾਨ ਨੰ: 520 ਨਿਉ ਜਵਾਹਰ ਨਗਰ ਚੋਕਮਾਡਲ ਟਾਊਨ ਰੋਡ ਜਲੰਧਰ ਦੇ ਗ੍ਰਹਿ ਵਿਖੇ 12 ਅਕਤੂਬਰ ਨੂੰ ਰੈਣ ਸਬਾਈ ਕੀਰਤਨ ਰਖਿਆ ਗਿਆ ਹੈ, ਪਟਿਆਲਾ, ਤਲਵਾੜਾ, ਲੁਧਿਆਣਾ, ਕਪੂਰਥਲਾ, ਫਗਵਾੜਾ ਦੇ ਕੀਰਤਨੀ ਜਥਿਆਂ ਨੇ ਪ੍ਰਵਾਨਗੀ ਦੇ ਦਿਤੀ ਹੈ, ਸੋ ਸਰਬਤ ਮਾਈ ਭਾਈ ਕੀਰਤਨ ਅਤੇ ਨਾਮ ਬਾਣੀ ਦੇ ਲਾਹੇ ਲੈ ਕੇ ਜਨਮ ਸਫਲ ਕਰੋ ਜੀ।

ਦਰਸ਼ਨ ਅਭਿਲਾਖੀ
ਨਿਰਬਾਣ ਕੀਰਤਨੀ ਜਥਾ, ਜਲੰਧਰ

www.AKJ.Org




[ ਇਕ ਗੁਰਮਤ ਖੋਜੀ ਦੀ ਕਲਮ ਤੋਂ ]

ਪ੍ਰਸ਼ਨ—ਜੇ ਕੋਈ ਰੋਗੀ ਹੋਣ ਕਰਕੇ ਨਿਤ ਇਸ਼ਨਾਨ ਨਾ ਕਰ ਸਕਦਾ ਹੋਵ । ਕੀ ਉਹ ਅੰਮ੍ਰਿਤ ਛੱਕ ਸਕਦਾ ? (ਚਿੱਟ ਨੰ: 549)

ਉਤਰ— ਮੇਰੇ ਵਿਚਾਰ ਵਿਚ ਕੋਈ ਰੋਗ ਅਜਿਹਾ ਨਹੀਂ ਹੁੰਦਾ ਕਿ ਉਹ ਇਸ਼ਨਾਨ ਕਰਨ ਦੀ ਆਗਿਆ ਨਾ ਦੇਵ। ਜੇ ਹੋਵੇ ਵੀ ਤਾਂ ਲੋੜੇ ਇਲਾਜ ਤੇ ਪਰੇਜ਼ ਨਾਲ ਹਰ ਮਾਰੂ ਰੋਗ ਦਾ ਅਸਰ ਵੀ ਘਟਾਇਆ ਜਾ ਸਕਦਾ ਹੈ। ਤੇ ਫਿਰ ਰਾਜ਼ੀ ਹੋ ਕੇ ਅੰਮ੍ਰਿਤ ਛਕਿਆ ਜਾ ਸਕਦਾ ਹੈ। ਜੇ ਕਿਸੇ ਰੋਗ ਕਰਕੇ ਦੋ ਚਾਰ ਦਿਨ ਨਾ ਇਸ਼ਨਾਨ ਕੀਤਾ ਜਾ ਸਕੇ ਤਾਂ ਕੋਈ ਹਰਜ ਨਹੀਂ। ਦੁਖ ਸੁਖ ਉਸ ਦੀ ਆਗਿਆ ਵਿਚ ਹੀ ਆਉਂਦਾ ਹੈ।

ਸੁਸ਼ਨ—ਕੀ ਭਾਈ ਨੰਦ ਲਾਲ ਜੀ ਨੇ ਅੰਮ੍ਰਿਤ ਛਕਿਆ ਜੇ ਛਕਿਆ ਤਾਂ ਉਨ੍ਹਾਂ ਦਾ ਨਾਮ ਭਾਈ ਨੰਦ ਸਿੰਘ ਕਿਉਂ ਨਾ ਹੋਇਆ ?

(ਬੀਬੀ ਸਤਵੰਤ ਕੌਰ)

ਉਤਰ—ਭਾਈ ਨੰਦ ਲਾਲ ਜੀ ਦਾ ਜੀਵਨ ੧੩ ਅਪ੍ਰੈਲ ੧੬੯੯ ਦੀ ਵਿਸਾਖੀ ਤੋਂ ਪਹਿਲਾਂ ਹੀ ਬੜਾ ਉਚਾ ਸੀ। ਗੁਰੂ ਹਜ਼ੂਰੀ ਵਿਚ ਰਹਿੰਦਿਆਂ ਉਨ੍ਹਾਂ ਨੇ ਨਾਮਰਸ ਦਾ ਸੁਆਦ ਪਹਿਲਾਂ ਹੀ ਚਖ ਲਿਆ ਸੀ । ਉਨ੍ਹਾਂ ਪਿਛੋਂ ਅੰਮ੍ਰਿਤ ਵੀ ਛਕਿਆ, ਤੇ ਨਾਮ ਭੀ ਭਾਈ ਨੰਦ ਲਾਲ ਸਿੰਘ ਹੋ ਗਿਆ। ਪਰ ਇਤਿਹਾਸਕ ਤੌਰ ਤੇ ਉਨਾਂ ਦਾ ਨਾਮ ਭਾਈ ਨੰਦ ਲਾਲ ਹੀ ਪ੍ਰਸਿਧ ਹੈ।

ਪ੍ਰਸ਼ਨ—ਜੇ ਰਹਿਣ ਦਾ ਮਕਾਨ ਛੋਟਾ ਹੋਵ ਤਾਂ ਕੀ ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਦਰਸ਼ਨ ਕਰਕੇ ਸਵੇਰੇ ਹੀ ਸੁਖਆਸਨ ਕਰਕੇ ਅਲਮਾਰੀ ਵਿਚ ਸ਼ਸ਼ੋਭਤ ਕੀਤਾ ਜਾ ਸਕਦਾ ਹੈ। (ਇਕ ਪਾਠਕ)

ਉਤਰ—ਜੇ ਆਪ ਜੀ ਦੇ ਰਿਹਾਇਸ਼ੀ ਮਕਾਨ ਵਿਚ ਥਾਂ ਦੀ ਥੁੜ ਹੈ, ਤਾਂ ਆਪ ਮਹਾਰਾਜ ਦੀ ਸਵਾਰੀ ਕਿਸੇ ਨੇੜੇ ਦੇ ਗੁਰਦੁਆਰੇ ਵਿਚ ਪੁਚਾਣ ਦੀ ਖੇਚਲ ਕਰੋ, ਤੇ ਮਹਾਰਾਜ ਦੀ ਦੇਹ ਅਲਮਾਰੀ 'ਚ ਬੰਦ ਰਖਾਈ ਯੋਗ ਨਹੀਂ, ਜਿਥੋਂ ਤਕ ਹੋ ਸਕੇ ਆਪ ਸਵੇਰੇ ਗੁਰਦੁਆਰਾ ਸਾਹਿਬ ਦਰਸ਼ਨ ਕਰੋ।

ਪ੍ਰਸ਼ਨ—ਮੇਰੇ ਮਾਤਾ ਜੀ ਨਿਤ ਨੇਮ ਕਰਦੇ ਹਨ। ਰਹਿਤ ਵੀ ਰਖਦੇ ਹਨ। ਪਰ ਅੰਮ੍ਰਿਤ ਇਸ ਕਰਕੇ ਨਹੀਂ ਛਕਦੇ, ਕਿਉਂਕਿ ਪਿਤਾ ਜੀ ਨਾਲ ਨਹੀਂ ਛਕਦੇ। ਕੀ ਮਾਤਾ ਜੀ ਇਕਲੇ ਅੰਮ੍ਰਿਤ ਛਕ ਸਕਦੇ ਹਨ। (ਇਕ ਪਾਠਕ)

ਉਤਰ—ਜੇ ਮਾਤਾ ਜੀ ਲੋਕ ਲਾਜ ਵਲੋਂ ਮੁਕਤ ਹੋਕੇ ਰਹਿਤ ਬਹਿਤ ਨਿਭਾ ਸਕਦੇ ਹਨ ਤਾਂ ਉਨਾਂ ਨੂੰ ਪੰਜ ਪਿਆਰਿਆਂ ਕੋਲ (ਜਦੋਂ ਅੰਮ੍ਰਿਤ ਸੰਚਾਰ ਹੋਵੇ) ਪੇਸ਼ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਅਵਸਥਾ ਦੇਖ ਕੇ ਗੁਰੂ


www.AKJ.Org

# ਸ਼ਹੀਦੀ ਯਾਦਾਂ

[ਭਾਈ ਮਨਮੋਹਨ ਸਿੰਘ ਜੀ, ਬੁਤਾਲਾ]

ਦੁਨੀਆਂ ਦੇ ਸਾਰੇ ਧਰਮਾਂ ਦੇ ਇਤਿਹਾਸ ਜੇ ਗੌਰ ਨਾਲ ਦੇਖੀਏ ਤਾਂ ਭੀ ਕਿਸੈ ਇਤਿਹਾਸ ਵਿਚ ਇਤਨੀ ਕੁਰਬਾਨੀ ਦਾ ਜ਼ਿਕਰ ਨਹੀਂ ਆਉਂਦਾ ਜਿਨਾਂ ਕਿ ਸਿਖ ਕੌਮ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਇਤਨੀ ਕੁਰਬਾਨੀ ਕਿ ਪੜ ਕੇ ਜੋਸ਼ ਠਾਠਾਂ ਮਾਰਨ ਲਗ ਜਾਂਦਾ ਹੈ ਧਨ ਸਨ ਉਹ ਸੂਰਮੇਂ ਜਿਨਾਂ ਨੇ ਕੁਰਬਾਨੀਆਂ ਕਰਕੇ ਸਿਖ ਇਤਿਹਾਸ ਨੂੰ ਦੁਨੀਆਂ ਵਿਚ ਉਜਲ ਕੀਤਾ।

ਇਸ ਕੌਮ ਦੇ ਸਾਜਣ ਵਾਲੇ ਦਾ ਆਪਣਾ ਜੀਵਨ ਦੇਖਿਆ ਜਾਏ ਤਾਂ ਕਿਹੜੀ ਗਲ ਘਟ ਹੈ। ਉਸ ਨੇ ਸਭ ਕੁਝ ਆਪਣੇ ਤੇ ਹੀ ਘਟਾ ਕੇ ਆਉਣ ਵਾਲੀ ਸਿਖ ਪਨੀਰੀ ਨੂੰ ਦਸਿਆ ਕਿ ਜੀਉ ਤੇ ਐਸੋ ਜਿਉ ਪਰ ਜੇ ਮਰਨਾ ਪਵੇ ਤਾਂ ਆਪਣੀ ਅਣਖ ਨੂੰ ਕਾਇਮ ਰਖਕੇ ਸ਼ਹੀਦ ਹੋ ਜਾਉ। ਕਿਥੇ ਤਾਂ ਅਨੰਦ ਪੁਰ ਸਾਹਿਬ ਦੇ ਤਖਤ ਮਖਮਲੀ ਬਿਸਤਰੇ ਤੇ ਕਿਥੇ ਮਾਛੀ ਵਾੜੇ ਜੰਗਲਾਂ ਵਿਚ ਰੋੜਾਂ ਤੇ ਹੀ ਆਰਾਮ ਕਰ ਰ ਟਨ।

ਮੀਰ ਮਨੂੰ ਦੇ ਸਮੇਂ ਸਿੰਘਾਂ ਨੂੰ ਮਾਰਨ ਲ ਕਈ ਕਿਸਮ ਦੇ ਤਸੀਏ ਦਿਤੇ ਜਾਂਦੇ ਸਨ ਜੋ ਇਕ ਖੁਲੇ ਮੈਦਾਨ ਵਿਚ ਵੀਹ ਕੁ ਸੂ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਿ ਪਿੰਜਰੇ ਖਏ ਸ਼ੇਰਾਂ ਵਾਂਗ, ਹੱਥ ਪ ਬੱਧੇ ਕਤਾਰ ਵਿਚ ਖੜੇ ਕੀਤੇ ਗਏ ਇਕ ਲੰਮੀ ਦਾੜੀ ਵਾਲੇ ਦੀਨਦਾਰ ਸਾਹਿਬ ਆਪਣੇ ਖਿਆਲ ਵਿਚ ਸ਼ਾਇਦ ਤਰਸ ਵਾਲੇ ਹ ਹੋਣਗੇ, ਬੜੀ, ਸੁਰੀਲੀ ਸੁਰ ਵਿਚ ਉਪਦੇਸ਼ ਦੇ ਉਹਨਾਂ ਨੂੰ ਮੁਸਲਮਾਨ ਹੋਣ ਲਈ ਪਰੇਰਨ ਲਗੇ ਸਮੁੰਦਰ ਵਿਚ ਖੜੇ ਚਿਟਾਨ ਵਾਂਗੂ ਇਹਨ ਦੀਆਂ ਮਿਠੇ ਬਚਨਾਂ ਰੂਪੀ ਲਹਿਰਾਂ ਅਰ ਧਮਕੀਅ

---

*ਰੂਪ ਪੰਜ ਪਿਆਰੇ ਹੀ ਅੰਮ੍ਰਿਤ ਛਕਾਉਣ ਜਾਂ ਨਾ ਛਕਾਉਣ ਬਾਰੇ ਫ਼ੈਸਲਾ ਕਰ ਸਕਦੇ ਹਨ।

ਪ੍ਰਸ਼ਨ—ਕੀ ਇਕ ਤਿਆਰ ਬਰ ਤਿਆਰ ਸਿਘਣੀ ਪੰਜ ਪਿਆਰਿਆਂ ਵਿਚ ਹਿਸਾ ਲੈ ਸਕਦੀ ਹੈ।

ਉਤਰ—ਹਾਂ ਗੁਰਮਤਿ ਵਿਚ ਸਿੰਘ, ਸਿਘਣੀ ਬਰਾਬਰ ਦਰਜਾ ਰਖਦੀ ਹੈ। ਅੰਮ੍ਰਿਤ ਸਮਾਗਮ ਵਿਚ ਵੀ ਸ਼ਾਮਲ ਹੋ ਸਕਦੀ ਹੈ।

ਪ੍ਰਸਨ—ਕੀ ਇਕ ਬਿਬੇਕੀ ਸਿੰਘ ਸੁਕਾ ਦੁੱਧ ਵਰਤ ਸਕਦਾ ਹੈ ? (ਇਕ ਪਾਠਕ)

ਉਤਰ—ਬਿਬੇਕ ਬੁੱਧੀ ਸਭ ਤੋਂ ਉਚੀ ਤੇ ਸ੍ਰੇਸ਼ਟ ਬੁੱਧੀ ਹੈ। ਅਵਲ ਬਿਬੇਕੀ ਉਹ ਹੈ ਜੋ ਗੁਰੂ ਹੁਕਮਾਂ ਲਈ ਆਪਾ ਵਾਰਦਾ ਹੈ। ਨਾਮ ਦੀ ਬਿਬੇਕ ਰਾਹੀਂ ਇੰਦਰੀਆਂ ਦੀ ਬਿਬੇਕ ਹੋ ਜਾਂਦ ਹੈ। ਜਦੋਂ ਇੰਦਰੀਆਂ ਦੀ ਬਿਬੇਕ ਹੋ ਜਾਵੇ ਤ ਸਤਿਗੁਰੂ ਅੰਤਰਗਤੀ ਆਪੇ ਹੀ ਸੋਝੀ ਬਖਸ਼ ਦਿੰਦ ਹੈ ਕਿ ਕਿਹੜੀ ਚੀਜ਼ ਵਰਤਣੀ ਹੈ ਤੇ ਕਿਹੜ ਨਹੀਂ।

ਪ੍ਰਸ਼ਨ—ਕੀ ਰਖੜੀ ਦਾ ਤਿਉਹਾਰ ਗੁਰਸਿੱਖ ਨੂੰ ਮਨਾਣਾ ਚਾਹੀਦਾ ਹੈ?

ਉਤਰ—ਪੰਜਾਂ ਬਾਹਰਲੀਆਂ ਰਹਿਤਾਂ ਵਿਚੋ ਕੜਾ ਇਕ ਰਹਿਤ ਜਾਂ ਗੁਰੂ ਦੀ ਰਖ ਹੈ ਜੇ ਸਰਬ ਲੋਹ ਦਾ ਹੋਣ ਕਰਕੇ ਟੁਟਦਾ ਭਜਦਾ ਨਹੀਜੋ। ਇਸ ਸਰਬ ਲੋਹ ਦੀ ਰਖ (ਰਖੜੀ) ਰਖਣ ਵਾਲੇ ਨੂੰ ਕੱਚੀਆਂ ਪਿਲੀਆਂ (ਰਖਾਂ) ਰਖੜੀਆਂ ਬੰਨਣੀਆ ਸੋਭਦੀਆਂ ਨਹੀਂ।

www.AKJ.Org

ਰੂਪੀ ਤੁਫਾਨਾਂ ਨਾਲ ਸਿਖਾਂ ਪਰ ਕੁਝ ਅਸਰ ਨਾ ਹੋਇਆ। ਜਿਵੇਂ ਹੀਰਾ ਕਿਤੇ ਚਿਕੜ ਵਿਚ ਸਿਟਿਆ ਜਾਵੇ ਤਾਂ ਵੀ ਉਹ ਹੀਰਾ ਹੀ ਰਹਿੰਦਾ ਹੈ। ਇਸੇ ਤਰਾਂ ਸਿੰਘਾਂ ਉਤੇ ਦਬਾਉ ਪਾਉਣ ਤੇ ਭੀ ਉਹ ਧਰਮ ਛਡਨ ਉਪਦੇਸ਼ਾਂ ਦੀ ਕੋਈ ਪੇਸ਼ ਨਾ ਗਈ ਤਦ ਮਨੂੰ ਨੇ ਇਕ ਮਸਾਹਿਬ ਨੂੰ ਸੈਨਤ ਕੀਤੀ ਉਸੇ ਵਕਤ ਤਿੰਨ ਚਾਰ ਆਦਮੀ ਆ ਖੜੋਤੇ। ਜਿਵੇਂ ਰਾਤ ਨੇ ਰੂਪ ਧਾਰਿਆ ਹੁੰਦਾ ਹੈ, ਅਤੇ ਉਹਨਾਂ ਜਲਾਦਾਂ ਨੇ ਸਿੰਘਾਂ ਦੇ ਬਦਨ ਉਤੇ ਰੂੰ ਬੰਨ ਦਿਤੀ। ਹੁਣ ਸਿੰਘਾਂ ਦੇ ਪੈਰਾਂ ਤੇ ਹਥਾਂ ਨੂੰ ਸੰਗਲ ਪਾਕੇ ਦੂਰ ਦੂਰ ਕਿਲਿਆਂ ਨਾਲ ਐਦਾਂ ਕਸ ਦਿਤਾ ਕਿ ਹਿਲਣ ਜੋਗੇ ਨਾ ਰਹਿਣ ਫੇਰ ਉਹਨਾਂ ਨੂੰ ਤੇਲ ਨਾਲ ਤਰ ਕੀਤਾ ਗਿਆ। ਚਿਟੀ ਰੂੰ ਤੇਲ ਨਾਲ ਪੀਲੀ ਹੋਈ ਗੁਰੂ ਦੁਲਾਰਿਆਂ ਨੂੰ ਸਚੇ ਲਾੜੇ ਦੇ ਰੂਪ ਵਿਚ ਲੈ ਆਈ। ਖਾਲਸਾ ਜੀ ਸ਼ਬਦ ਪੜਨ ਲਗ ਪਏ।

ਇਹ ਦੇਖ ਕੇ ਲੋਕ ਹਕੇ ਬਕੇ ਰਹਿ ਗਏ, ਉਹ ਸੋਚਦੇ ਸਨ ਕਿ ਇਹ ਲੋਕ ਇਸ ਭਿਆਣਕ ਅੰਤ ਦਾ ਸਾਮਣਾ ਕਰਣੋ ਡਰਕੇ ਸ਼ਰਨ ਮੰਗਣਗੇ, ਪਰ ਨਹੀਂ ਜਾਨਦੇ ਸਨ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸੂਰੇ ਹਨ ਭੌ ਕੌਣ ਖਾਏ ਤੇ ਕੌਣ ਸ਼ਰਨ ਮੰਗੇ।

ਹੁਣ ਦੇਖੋ ਸਿੰਘਾਂ ਨਾਲ ਕੀ ਭਾਣਾ ਵਰਤਦਾ ਹੈ। ਅਗ ਆਉਂਦੀ ਗਈ ਤੇ ਪਹਿਲਾਂ ਜੋ ਕੁਝ ਦੂਰ ਦੁਰਾਡੇ ਲਕੜਾਂ ਕਖ ਪਲਾ ਰਖੇ ਗਏ ਸਨ ਉਹਨਾਂ ਵਿਚ ਅਗ ਦੂਰ ਦੂਰ ਤਕ ਧਰੀ ਗਈ। ਚੁਫੇਰਿਓਂ ਡਾਡਾ ਕਰੜਾ ਧੂੰ ਉਠਿਆ, ਜਿਸ ਨਾਲ ਘਬਰਾ ਕੇ ਇਹਨਾਂ ਦੇ ਸ਼ਰਨ ਮੰਨ ਲੈਣ ਦੀ ਆਸ ਸੀ। ਧੂੰਆਂ ਪਹਿਲਾਂ ਚੜੇ ਤਾਂ ਸਿਰ ਨੂੰ ਚਕਰਾਂਉਦਾ ਕਰ ਬਹਿਬਲ ਤੇ ਬੇਸੁਦੀ ਪੈਦਾ ਕਰਦਾ ਹੈ। ਸਿੰਘਾਂ ਦੇ ਮੂੰਹੋਂ ਵਾਹਿਗੁਰੂ ਦੀ ਧੁਨ ਨਿਕਲੀ। ਸ਼ੋਕ! ਇਸ ਭੇਦ ਨੂੰ ਕੌਣ ਜਾਣੇ ਜੋ ਗੁਰੂ ਨੇ ਇਹਨਾਂ ਦੇ ਹਰਦੇ ਵਿਚ ਪਾ ਦਿਤਾ ਹੈ। ਇਸ ਚੜਦੇ ਘਬਰਾ ਨੇ ਭੀ ਸਿੰਘਾਂ ਦੇ ਸਿਦਕ ਨੂੰ ਡੋਲਨ ਨਹੀਂ ਦਿਤਾ। ਥੋੜੀ ਦੇਰ ਤਕ ਹੋਸ਼ ਰਹੀ ਵਾਹਿਗੁਰੂ ਦੀ ਧੁਨ ਭਰੀ ਹੋਈ ਅਵਾਜ਼ ਨਾਲ ਨਿਕਲਦੀ ਰਹੀ। ਫਿਰ ਚੁਪ ਹੋ ਗਈ। ਸਹਜੇ ਸਹਜੇ ਅਗ ਬਲ ਉਠੀ ਤੇ ਸਹਜੇ ਫੈਲ ਗਈ।

ਉਧਰ ਜੋ ਬੀਬੀਆਂ ਦੀ ਕੁਰਬਾਨੀ ਦੇਖੀ ਜਾਵੇ ਤਾਂ ਉਹ ਕਿਹੜੀ ਸਿੰਘਾਂ ਨਾਲੋਂ ਘਟ ਹੈ। ਪਹਿਲੇਂ ਪਤੀਆਂ ਦੇ ਵਿਛੋੜੇ ਦਾ ਦੁਖ ਉਤੋਂ ਡਾਢਿਆਂ ਦੀ ਕੈਦ ਭੁਗਤਨੀ ਪਈ। ਕਈ ਦਿਨ ਕਿਸੇ ਨੇ ਵਾਤ ਨਾ ਪੁਛੀ ਅੱਠੀਂ ਪਹਿਰੀਂ ਛੋਲਿਆਂ ਦੀ ਰੋਟੀ ਤੇ ਬਾਟਾ ਪਾਣੀ ਦਾ ਮਿਲੇ, ਨਾ ਨ੍ਹਾਉਣਾ, ਨਾ ਧੋਣਾ, ਨਾ ਹੱਸਣਾ, ਨਾ ਖੇਡਣਾ, ਨਾ ਕੋਈ ਸਫਾਈ ਦਾ ਸੁਖ, ਨਰਕ ਦੇ ਵਾਸੀਆਂ ਵਾਂਗ ਮੈਲੀ ਦਸ਼ਾ ਹੋ ਗਈ। ਅੰਞਾਣੇ ਬਾਲ ਭੁਖ ਦੇ ਕਾਰਣ ਵਿਲੂੰ ਵਿਲੂੰ ਪਏ ਕਰਨ, ਪਰ ਵਾਹ ਸਿੰਘਣੀਆਂ ਦੇ ਆਪੋ ਵਿਚ ਦੇ ਪਿਆਰ! ਜਿਨਾਂ ਦੇ ਕੁਛੜ ਬਾਲ ਨਹੀਂ ਸਨ, ਉਹ ਚੱਪਾ ਚੱਪਾ ਰੋਟੀ ਘਟ ਖਾਂਦੀਆਂ ਅਰ ਉਹ ਟੁੱਕੜ ਬਾਲਾਂ ਵਾਲੀਆਂ ਨੂੰ ਜਾਂ ਬਾਲਾਂ ਨੂੰ ਖੁਆਲਦੀਆਂ ਤੇ ਉਸ ਕਸ਼ਟ ਨੂੰ ਆਪੋ ਵਿਚ ਵੰਡ ਕੇ ਭੁਗਤਦੀਆਂ ਹਨ। ਨਾਲ ਅਰਦਾਸ ਕਰਦੀਆਂ ਹਨ ਕਿ ਹੇ ਅਕਾਲ ਪੁਰਖ ਸੁਆਮੀ! ਸਾਨੂੰ ਸਿਦਕ ਬਖਸ਼ਿਓ, ਤੇ ਬਿਰਦ ਦੀ ਲਾਜ ਰਖੋ। ਅਸੀਂ ਤਸੀਹੇ ਭੋਗੀਏ, ਪਰ ਧਰਮ ਨਾ ਹਾਰੀਏ, ਟੁੱਕ ਟੁੱਕ ਵਡੀਆਂ ਜਾਈਏ, ਪਰ ਮਨੀ ਸਿੰਘ ਵਾਂਗ ਸਿਦਕੋਂ ਮੂੰਹ ਨਾ ਮੋੜੀਏ। ਸਭ ਕੁਝ ਸਹਿ ਜਾਏ, ਹੇ ਕਰਤਾਰ! ਸੀਲ ਧਰਮ ਨਾ ਜਾਏ। ਨਿਤ ਦਿਹਾੜੇ ਏਸੇ ਤਰ੍ਹਾਂ ਅਰਦਾਸਿਆਂ ਵਿਚ ਹੀ ਟਾਇਮ ਬਤੀਤ ਹੁੰਦਾ ਗਿਆ।

ਸਿੰਘਣੀਆਂ ਦਾ ਹਠ ਵਖ ਕੇ ਇਕ ਦਿਨ ਮੀਰ ਮੰਨੂੰ ਆਪ ਉਨਾਂ ਕੋਲ ਆਇਆ ਅਤੇ ਧਰਮ ਛੱਡਣ ਲਈ ਪ੍ਰੇਰਨਾ ਕਰਵਾਈ। ਪਰ ਉਨਾਂ ਨੇ ਨਾਂਹ ਵਿਚ ਉਤਰ ਦਿਤੇ। ਹੁਣ ਮੰਨੂੰ ਬਹੁਤ ਕ੍ਰੋਧ ਵਿਚ ਆ ਗਿਆ, ਭੜਕੇ ਹਿਰਦੇ ਨੇ ਹੁਕਮ ਦਿਤਾ। ਪੰਜ ਸਤ ਸਵਾਰ ਨਿਕਲੇ, ਸਿਪਾਹੀ ਘੇਰਾ ਪਾ ਖਲੋਤੇ। ਮਾਵਾਂ ਦੇ ਕੁਛੜਾਂ ਤੋਂ ਨਿਆਣੇ ਪੁਤ੍ਰ ਚੀਰ


www.AKJ.org

ਚੀਰ ਕੇ ਖੋਹਕੇ ਖਿਦੂ ਵਾਂਗ ਅਸਮਾਨ ਤੇ ਸਿਟਦੇ ਹਨ, ਡਿਗਦੇ ਦੇ ਹੇਠ ਨੇਜ਼ੇ ਧਰਕੇ ਉਨਾਂ ਨੂੰ ਪਰੋਂਦੇ ਹਨ, ਜੋ ਅਤਿ ਚਿਚਲਾ ਚਿਚਲਾ ਕੇ ਲੁੱਛ ਲੁੱਛ ਕੇ ਜਿੰਦ ਤੋੜਦੇ ਹਨ।

ਪੰਥ ਪ੍ਰਕਾਸ਼,—ਸਿੰਘਣੀਆਂ ਦੇ ਬੱਚੇ ਲੈਕੇ। ਉਨਾਂ ਦੇ ਸਨਮੁਖ ਉਨੇ ਦਿਖੇ ਕੇ। ਉਪਰ ਦੇ ਉਛਾਲ ਕਰ ਸੁਟ ਹੈਂ। ਕਰ ਅਤਿ ਜ਼ੁਲਮ ਜੜ੍ਹਾਂ ਨਿਜ ਪੁਟ ਹੈਂ। ਬਰਛੀਆਂ ਮਾਂਹਿ ਅਨੇਕ ਪਰੋਏ। ਸ਼ੀਰ ਖੋਰ ਤੜਫਾ ਇਸ ਕੋਹੇ।

ਮਾਵਾਂ! ਹਾਇ ਪੁਤਾਂ ਦੀਆਂ ਪਿਆਰੀਆਂ ਮਾਵਾਂ। ਆਪਣੇ ਬਚਿਆਂ ਦੀ ਡਰਾਉਣੀ ਮੌਤ ਵਲ ਮੁਸ਼ਕਾਂ ਕੱਸੀਆਂ ਬੈਠੀਆਂ ਕਿਸ ਬੇਬਸੀ ਨਾਲ ਦੇਖ ਰਹੀਆਂ ਹਨ। ਐਡੇ ਕਰੜੇ ਦੁਖ ਨੂੰ ਦੇਖਕੇ ਪਾਣੀ ਭੀ ਅੱਖਾਂ ਵਿਚ ਪੱਥਰ ਹੋ ਜਾਂਦਾ ਹੈ, ਪਰ ਬਹਾਦਰ ਸਿੰਘਣੀਆਂ ਦਖਦੀਆਂ ਹਨ ਤੇ ਆਖਦੀਆਂ ਹਨ ਵਾਹਿਗੁਰੂ ਵਾਹਿਗੁਰੂ ਤੇਰੀ ਗੋਦ ਸਦਾ ਹਰੀ, ਸਦਾ ਹਰੀ; ਗੋਦ ਵਿਚ ਲੈ ਲਓ ਆਪਣੇ ਬਾਲ। ਜਦੋਂ ਇਤਨਾ ਜ਼ੁਲਮ ਕੀਤਿਆਂ ਭੀ ਮੰਨੂੰ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਬਚਿਆਂ ਦੇ ਟੋਟੇ ਕਰਵਾ ਕੇ ਉਨ੍ਹਾਂ ਸਿੰਘਣੀਆਂ ਦੀਆਂ ਝੋਲੀਆਂ ਵਿਚ ਪਵਾਏ ਤੇ ਗਲਾਂ ਵਿਚ ਭੀ ਪਰੋ ਕੇ ਪਵਾ ਦਿਤੇ। ਪਰ ਉਨਾਂ ਦਸਮੇਸ਼ ਦੁਲਾਰੀਆਂ ਨੇ ਰਤਾ ਭੀ ਹੌਸਲਾ ਨਾ ਹਾਰਿਆ ਇਹ ਹੈ ਉਨ੍ਹਾਂ ਸਿੰਘਣੀਆਂ ਦੀ ਜੀਂਦੀ ਜਾਗਦੀ ਮਸਾਲ। ਜਿਨਾਂ ਨੇ ਆਪਣੇ ਬਚਿਆਂ ਤੇ ਅਪਣੀ ਜਾਨ ਹੱਸ ਹੱਸ ਕੇ ਧਰਮ ਉਤੋਂ ਵਾਰ ਦਿਤੀ ਪਰ ਆਪਣੇ ਧਰਮ ਨੂੰ ਕੇਸਾਂ ਸੁਵਾਸਾਂ ਨਾਲ ਨਿਭਾਇਆ।

ਆਓ ਅੱਜ ਅਸੀਂ ਜ਼ਰਾ ਆਪਣੇ ਵੱਲ ਝਾਤੀ ਮਾਰੀਏ ਕਿ ਅਸੀਂ ਅੱਜ ਕਿਹੜੀ ਮੁਸੀਬਤ ਵਿਚ ਫਸੇ ਹਾਂ ਜੋ ਕਿ ਉਨਾਂ ਸਿੰਘਾਂ ਸਿੰਘਣੀਆਂ ਦੀ ਕੁਰਬਾਨੀ ਦਾ ਸਦਕਾ ਉਨਾਂ ਦੀ ਆਖਰੀ ਖਾਹਸ਼ ਕਿ ਮੇਰਾ ਸਿਰ ਭਾਵੇਂ ਚਲੇ ਜਾਵੇ ਪਰ ਮੈਂ ਆਪਣੇ ਧਰਮ ਤੋਂ ਪਤਿਤ ਨਾ ਹੋ ਜਾਵਾਂ।

ਪਰ ਅੱਜ ਕਲ ਦੇ ਨੌ ਜੁਵਾਨ ਰਤਾ ਜਿਨੀ ਕਿਸੇ ਕਿਸਮ ਦੀ ਪ੍ਰਵਾਹ ਨਹੀਂ ਕਰਦੇ ਜੋ ਘਟੋ ਘਟ ਹੋਰ ਕੁਝ ਨਹੀਂ ਤਾਂ ਕੇਸਾਂ ਦੀ ਬੇਅਦਬੀ ਕਰਨੋ ਹੀ ਹਟ ਜਾਣ ਤਾਂ ਭੀ ਚੰਗਾ ਹੈ ਪਰ ਜੇ ਕੁਝ ਭੀ ਨਾ ਮੰਨਣ ਤਾਂ ਆਪੇ ਉਹ ਕਲਗੀਧਰ ਪਿਤਾ ਉਨਾਂ ਪਤਿਤ ਹੋਏ ਲੋਕਾਂ ਨੂੰ ਦੰਡ ਦੇਵੇਗਾ ਅਤੇ ਲੋਕ ਪ੍ਰਲੋਕ ਵਿਚ ਉਨਾਂ ਨੂੰ ਦੰਡ ਮਿਲੇਗਾ ਜੋ ਆਪਣੇ ਧਰਮ ਨੂੰ ਨਹੀਂ ਜਾਣ ਸਕਦੇ ਉਹ ਹੋਰ ਕੁਝ ਕੀ ਕਰ ਸਕਦੇ ਹਨ ਫੇਰ ਜਿਹੜੀ ਕੌਮ ਦਾ ਇਤਹਾਸ ਹੀ ਖ਼ੂਨ ਨਾਲ ਲਿਖਿਆ ਹੋਵੇ ਅਤੇ ਸਿਰ ਦੇ ਕੇ ਜਿਸ ਦੀ ਨੀਂਹ ਰਖੀ ਹੋਵੇ ਅਤੇ ਜਿਸਕੌਮ ਦੇ ਸ਼ਹੀਦ ਕੇਸਾਂ ਦੀ ਬੇਅਦਬੀ ਨਾ ਸਹਾਰਦੇ ਹੋਏ ਆਪਣੀ ਖੋਪਰੀ ਲੁਹਾ ਦੇਣੀ ਠੀਕ ਸਮਝਦੇ ਰਹੇ ਹੋਣ?

ਮੇਰੇ ਵੀਰ ਨੌਜੁਵਾਨੋ ਮੈਂ ਉਨਾਂ ਸ਼ਹੀਦਾਂ ਦਾ ਆਪ ਨੂੰ ਵਾਸਤਾ ਪਾਕੇ ਕਹਿੰਦਾ ਹਾਂ ਕਿ ਕੁਝ ਨਾ ਕੁਝ ਜ਼ਰੂਰ ਉਨਾਂ ਦੇ ਪੂਰਨਿਆਂ ਤੇ ਚਲਣ ਦੀ ਕੋਸ਼ਿਸ਼ ਕਰੋ ਦੁਨੀਆਂ ਦੇ ਸਾਰੇ ਧਰਮਾਂ ਨਾਲੋਂ ਪਿਆਰਾ ਤੇ ਉਚਾ ਧਰਮ ਸਿੱਖ ਧਰਮ ਹੈ ਅਤੇ ਸਾਰੇ ਲੋਕ ਇਸ ਦੀ ਸਾਬਤ ਸੂਰਤ ਵੇਖ ਕੇ ਰੋਹਬ ਮੰਨਦੇ ਹਨ ਅਤੇ ਸਰਦਾਰ ਜੀ ਕਰਕੇ ਸਤਿਕਾਰ ਕਰਦੇ ਹਨ ਪਰ ਕਸਾਂ ਦੀ ਬੇਅਦਬੀ ਕਰਵਾਉਣ ਵਾਲਿਓ ਵੀਰੋ? ਤੁਸੀਂ ਬਿਲਕੁਲ ਸਰਦਾਰ ਕਹਿਲਾਉਣ ਦੇ ਹੱਕਦਾਰ ਨਹੀਂ ਹੋ ਤੁਸੀਂ ਤਾਂ ਨਾ ਉਸ ਪਾਸੇ ਨਾ ਇਸ ਪਾਸੇ ਜੋਗੇ ਰਹੇ ਹੋ। ਵੈਸੇ ਤਾਂ ਸਾਰੇ ਗੁਰਸਿਖੀ ਦੇ ਅਸੂਲ ਅਪਨਾਂਣੇ ਚਾਹੀਦੇ ਹਨ ਪਰ ਕੇਸਾਂ ਤੋਂ ਬਗੈਰ ਤਾਂ ਤੁਹਾਡੀ ਸਿਖਾਂ ਵਿ[illegible] ਗਿਣਤੀ ਵੀ ਨਹੀਂ ਹੋ ਸਕਦੀ।

ਆਓ ਅੱਜ ਤੁਹਾਡੀ ਲੋੜ ਹੈ ਕੌਮ ਨੂੰ, ਆਪਣੀ ਕੌਮ ਵਿਚ ਸ਼ਾਮਲ ਹੋਵ ਅਤੇ ਉਨਾਂ ਸ਼ਹੀਦਾਂ ਦੀ ਪਵਿਤਰ ਰੂਹਾਂ ਨੂੰ ਖ਼ੁਸ਼ ਕਰੋ।

—o—


www.AKJ.org

# ਜੇ ਤੁਸੀਂ

ਆਪਣੇ ਪਰਵਾਰ ਨੂੰ,
ਨੌਜਵਾਨ ਬੱਚੇ ਬੱਚੀਆਂ ਨੂੰ,
ਅੱਜ ਦੀ ਸਾਇੰਸੀ ਦੁਨੀਆਂ ਵਿਚ
ਗੁਰਮਤਿ ਦਾ ਸਹੀ ਚਾਨਣ
ਦੇਣਾ ਚਾਹੁੰਦੇ ਹੋ, ਤਾਂ—ਹਰ ਮਹੀਨੇ

ਮਾਸਕ ਪੱਤਰ **ਸੂਰਾ**

ਤੁਹਾਡੇ ਘਰ ਪੁਜਣਾ ਜ਼ਰੂਰੀ ਹੈ।

ਜਿਸ ਦਾ ਸਾਲਾਨਾ ਚੰਦਾ

ਦੇਸ ੬) ਰੁਪੈ ਪ੍ਰਦੇਸ ੧੦) ਰੁਪੈ

ਪ੍ਰਤੀ ਕਾਪੀ ੬੦ ਪੈਸੇ

## ਅਜ ਹੀ ਪੱਕੇ ਗਾਹਕ ਬਣੋ !

ਮਿਲਣ ਦਾ ਪਤਾ:—ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ


www.AKJ.Org